ਉ ਡਾ ਣ

ਵਿਗਿਆਨ ਗਲਪ ਮੈਗ਼ਜ਼ੀਨ

ਜਨਵਰੀ-ਮਾਰਚ 2024

ਸਾਲ ਦੂਜਾ, ਅੰਕ ਛੇਵਾਂ

ਨਵਾਂ ਸਾਲ ਮੁਬਾਰਕ

ਵਿਗਿਆਨਕ ਕਹਾਣੀਆਂ ਕਵਿਤਾਵਾਂ ਲੇਖ

ਤੇ ਬੱਚਿਆਂ ਦਾ ਕੋਨਾ

www.udaanpunjabi.com

ਸਲਾਹਕਾਰ ਬੋਰਡ

ਡਾ. ਦੇਵਿੰਦਰ ਪਾਲ ਸਿੰਘ (ਕੈਨੇਡਾ)

ਅਜਮੇਰ ਸਿੱਧੂ (ਭਾਰਤ)

ਰੂਪ ਢਿੱਲੋਂ (ਯੂ. ਕੇ.)

ਹਰੀ ਕ੍ਰਿਸ਼ਨ ਮਾਇਰ (ਕੈਨੇਡਾ)

ਸੰਪਾਦਕ

ਅਮਨਦੀਪ ਸਿੰਘ

ਡਿਜ਼ਾਈਨ

ਅਮਨਦੀਪ ਸਿੰਘ

ਚਿੱਤਰ

Microsoft BING AI

https://pixabay.com/

NASA

ਈ-ਮੇਲ

punjabiscifi@gmail.com

ਵੈੱਬਸਾਈਟ

https://udaanpunjabi.com

ਸਮਾਜਿਕ

ਉਡਾਣ ਮੈਗ਼ਜ਼ੀਨ ਨੂੰ ਸੋਸ਼ਲ ਮੀਡੀਆ 'ਤੇ ਫੌਲੋ ਕਰਨ ਲਈ ਹੇਠਲੇ ਚਿੱਤਰਾਂ 'ਤੇ ਕਲਿੱਕ ਕਰੋ

ਮੈਗ਼ਜ਼ੀਨ ਦੀ ਪ੍ਰਿੰਟ ਕਾਪੀ ਵੈੱਬਸਾਈਟ 'ਤੇ ਆਰਡਰ ਕਰ ਸਕਦੇ ਹੋ।

ਉਡਾਣ
ਪੰਜਾਬੀ ਵਿਗਿਆਨ ਗਲਪ ਮੈਗ਼ਜ਼ੀਨ
UDAAN PUNJABI SF MAGAZINE

ਜਨਵਰੀ-ਮਾਰਚ 2024

ਸਾਲ ਦੂਜਾ, ਅੰਕ ਛੇਵਾਂ

2 ਸੰਪਾਦਕੀ - ਏ.ਆਈ. ਦਾ ਵੱਡਾ ਦਿਨ

3 ਕਵਿਤਾ-ਵਰ੍ਹੇ ਦਾ ਦਰਿਆ/ਅਮਨਦੀਪ ਸਿੰਘ

4 ਅੰਨ੍ਹੇ-ਸੁਜਾਖੇ/ਅਜਮੇਰ ਸਿੱਧੂ

9 ਗਿੰਨੀ ਪਿੱਗ/ਡਾ. ਦੇਵਿੰਦਰ ਪਾਲ ਸਿੰਘ

16 ਮਸਨੂਈ ਬੁੱਧੀ ਬਾਰੇ ਸਟੀਫ਼ਨ ਹਾਕਿੰਗ ਦੀ ਭਵਿੱਖਬਾਣੀ/ਅਮਨਦੀਪ ਸਿੰਘ

17 ਸੂਰਜ ਮੰਡਲ ਤੋਂ ਵਿਸ਼ਾਲ/ਅਮਨਦੀਪ ਸਿੰਘ

22 ਕੁਝ ਹਲਕਾ-ਫੁਲਕਾ-ਵਿਗਿਆਨਕ ਚੁਟਕਲੇ

23 ਊਰਜਾ ਦਾ ਸਿਰਮੌਰ ਸਾਧਨ–ਬਿਜਲੀ/ਇੰਜ. ਈਸ਼ਰ ਸਿੰਘ

27 ਪੁਸਤਕ ਰੀਵਿਊ: ਭਵਿੱਖ ਦੀ ਪੈੜ/ਲੇਖਕ/ਸੰਪਾਦਕ: ਡਾ: ਡੀ. ਪੀ. ਸਿੰਘ

28 ਰੂਪ ਢਿੱਲੋਂ ਦਾ ਰਚਨਾ ਸੰਸਾਰ/ਅਮਨਦੀਪ ਸਿੰਘ

29 ਬੱਚਿਆਂ ਦਾ ਕੋਨਾ

29 ਭੁਲਾਵੇਂ ਅੱਖਰ/ਅਮਨਦੀਪ ਸਿੰਘ

31 ਪਲਾਸਟਿਕ ਦਾ ਡੱਡੂ/ਹਰੀ ਕ੍ਰਿਸ਼ਨ ਮਾਇਰ

33 ਪਲਾਸਟਿਕ ਦੀ ਸਮੱਸਿਆ/ਅਮਨਦੀਪ ਸਿੰਘ

34 ਕੁਦਰਤ ਦੇ ਰੰਗਾਂ ਬਾਰੇ ਬਾਲਾਂ ਲਈ ਨਾਟਕ/ਸਤਰੰਗੀ ਪੀਂਘ

38 ਪਿਨੋਕੀਓ ਪ੍ਰਭਾਵ - ਝੂਠ ਦਾ ਨੱਕ ਵੱਡਾ/ਅਮਨਦੀਪ ਸਿੰਘ

39 ਸ਼ੁੱਕਰ ਗ੍ਰਹਿ 'ਤੇ ਆਕਸੀਜਨ/ਪੇਸ਼ਕਸ਼ - ਅਮਨਦੀਪ ਸਿੰਘ

40 ਕਵਿਤਾ-ਸ਼ੁੱਕਰ ਤਾਰਾ/ਡਾ ਜਸਬੀਰ ਸਿੰਘ ਸਰਨਾ

41 ਕਵਿਤਾ-ਸਤਰੰਗੀ ਪੀਂਘ/ਵਿਕਾਸ ਵਰਮਾ

42 ਕਵਿਤਾ-ਅਦਿੱਖ/ਅਮਨਦੀਪ ਸਿੰਘ

43 ਸਾਇੰਸ ਫਿਕਸ਼ਨ ਨੂੰ ਹਕੀਕਤ ਬਣਾਉਂਦੀਆਂ ਵਿਗਿਆਨ ਦੀਆਂ ਤਾਜ਼ਾ ਖ਼ਬਰਾਂ

ਮੁੱਖ ਪੰਨੇ ਦਾ ਚਿੱਤਰ: ਧਰਤੀ ਉਦੇ (Earthrise), ਨਾਸਾ ਤੋਂ ਧੰਨਵਾਦ ਸਹਿਤ

ਦਸੰਬਰ 24, 1968, ਅਪੋਲੋ 8 ਦੇ ਪੁਲਾੜ ਯਾਤਰੀਆਂ ਫਰੈਂਕ ਬੋਰਮੈਨ, ਜੇਮਜ਼ ਲੋਵੈਲ ਅਤੇ ਵਿਲੀਅਮ ਐਂਡਰੇਜ਼ ਚੰਨ ਦੇ ਦੂਜੇ ਪਾਸਿਓਂ ਚੌਥਾ ਚੱਕਰ ਲਗਾ ਕੇ ਆ ਰਹੇ ਸਨ। ਬੋਰਮੈਨ ਨੇ ਸਪੇਸਕ੍ਰਾਫਟ ਨੂੰ ਘੁਮਾਉਣਾ ਸ਼ੁਰੂ ਕੀਤਾ ਤਾਂ ਉਹਨਾਂ ਨੂੰ ਚੰਨ ਦੇ ਪਿੱਛਿਓਂ ਧਰਤੀ ਉਦੇ ਹੁੰਦੀ ਦਿਖੀ। ਵਿਲੀਅਮ ਐਂਡਰੇਜ਼ ਨੇ ਉਹ ਇਸ ਦੁਨੀਆ ਤੋਂ ਪਾਰ ਦਾ ਦ੍ਰਿਸ਼ ਆਪਣੇ ਕੈਮਰੇ ਵਿਚ ਬੰਦ ਕਰ ਲਿਆ। ਪਰ ਫੇਰ ਉਸਨੂੰ ਇਹ ਅਹਿਸਾਸ ਹੋਇਆ ਕਿ ਉਹ ਫੋਟੋ ਤਾਂ ਚਿੱਟੀ-ਤੇ-ਕਾਲ਼ੀ ਆਏਗੀ। ਕੁਝ ਮਿੰਟਾ ਬਾਅਦ ਉਸਨੇ ਆਪਣੇ ਕੈਮਰੇ ਵਿਚ ਰੰਗਦਾਰ ਫਿਲਮ ਪਾਈ ਤੇ ਇਹ ਇਤਿਹਾਸਿਕ ਫੋਟੋ ਖਿੱਚੀ, ਜਿਸਨੂੰ ਵੇਖ ਕੇ ਕੋਈ ਵੀ ਧਰਤੀ ਵਾਸੀ ਹੈਰਾਨ ਹੋਏ ਬਿਨਾ ਨਹੀਂ ਰਹਿ ਸਕਦਾ।

1969 ਵਿਚ ਅਮਰੀਕਨ ਪੋਸਟਲ ਸਰਵਿਸ ਨੇ ਇਸ ਫੋਟੋ 'ਤੇ ਇੱਕ ਟਿਕਟ ਵੀ ਜਾਰੀ ਕੀਤੀ।

ਲਾਈਫ ਮੈਗ਼ਜ਼ੀਨ ਦੀ 2003 ਵਿਚ ਪ੍ਰਕਾਸ਼ਿਤ ਕਿਤਾਬ '100 ਫੋਟੋਆਂ ਜਿਨ੍ਹਾਂ ਨੇ ਦੁਨੀਆ ਬਦਲ ਦਿਤੀ', ਵਿਚ ਕੁਦਰਤ ਦਾ ਫੋਟੋਗ੍ਰਾਫ਼ਰ ਗੇਲਾਨ ਰੋਵੈਲ ਧਰਤੀ ਉਦੇ ਫੋਟੋ ਨੂੰ ਮਨੁੱਖਤਾ ਦੇ ਇਤਿਹਾਸ ਵਿਚ ਹੁਣ ਤੱਕ ਦੀ ਖਿੱਚੀ ਸਭ ਤੋਂ ਵੱਧ ਪ੍ਰਭਾਵਸ਼ਾਲੀ ਫੋਟੋ ਲਿਖਦਾ ਹੈ।

ਅਪੋਲੋ 8 ਧਰਤੀ ਦੇ ਨੀਵੇਂ ਗ੍ਰਹਿ ਪੱਥ (Low Earth Orbit) ਤੋਂ ਉੱਪਰ ਉਡਾਣ ਭਰਨ ਵਾਲ਼ਾ ਤੇ ਮਨੁੱਖਾਂ ਨੂੰ ਚੰਨ ਦੇ ਕੋਲ਼ ਲੈ ਕੇ ਜਾਣ ਵਾਲ਼ਾ ਪਹਿਲਾ ਸਪੇਸਕ੍ਰਾਫਟ ਸੀ। ਉਹ ਚੰਨ ਦੇ ਦਸ ਚੱਕਰ ਲਗਾ ਕੇ ਚੰਨ 'ਤੇ ਉੱਤਰਨ ਤੋਂ ਬਿਨਾ ਵਾਪਸ ਧਰਤੀ ਤੇ ਸੁਰੱਖਿਅਤ ਪਰਤਿਆ।

Udaan is published quarterly by Amandeep Singh from 13 Bluebird Dr., Grafton, MA, USA. © Copyrights 2024 Respective authors. All rights reserved.

ਸੰਪਾਦਕੀ- ਏ.ਆਈ. ਦਾ ਵੱਡਾ ਦਿਨ

ਸਭ ਤੋਂ ਪਹਿਲਾਂ ਆਪ ਜੀ ਨੂੰ ਨਵਾਂ ਸਾਲ ਮੁਬਾਰਕ ਹੋਵੇ! ਅਸੀਂ ਉਮੀਦ ਕਰਦੇ ਹਾਂ ਕਿ ਇਹ ਸਾਲ ਆਪ ਜੀ ਲਈ ਨਵੀਆਂ ਖ਼ੁਸ਼ੀਆਂ ਤੇ ਉਮੰਗਾਂ ਲੈ ਕੇ ਆਏ! ਆਸ ਹੈ ਸਾਰੇ ਸੰਸਾਰ ਵਿਚ ਸੁੱਖ-ਸ਼ਾਂਤੀ ਹੋਵੇ ਤੇ ਜੰਗ ਦਾ ਭਿਆਨਕ ਤੂਫ਼ਾਨ ਥੰਮ ਜਾਏ।

'ਮਸ਼ੀਨਾਂ ਸਿੱਖਣ ਨੂੰ ਤਿਆਰ ਹਨ, ਹੁਣ ਇਹ ਸਾਡੇ 'ਤੇ ਹੈ ਕਿ ਅਸੀਂ ਉਹਨਾਂ ਨੂੰ ਕੀ ਸਿਖਾਈਏ?'

ਚੈਟ ਜੀਪੀਟੀ (ChatGPT) ਨੂੰ ਰਿਲੀਜ਼ ਹੋਈਆਂ ਇੱਕ ਸਾਲ ਤੋਂ ਵੀ ਵੱਧ ਸਮਾਂ ਹੋ ਚੁੱਕਾ ਹੈ ਤੇ ਅੱਜ ਇਹ ਚੈਟ ਬੋਟ, ਤਸਵੀਰਾਂ ਬਣਾਉਣ, ਲੇਖ ਲਿਖਣ ਆਦਿ ਨਾਲ਼ ਸਾਡੀ ਰੋਜ਼ਾਨਾ ਦੀ ਜ਼ਿੰਦਗੀ ਦਾ ਇੱਕ ਹਿੱਸਾ ਬਣ ਚੁੱਕੀ ਹੈ। ਲੋਕ ਇਸਨੂੰ ਗ਼ਲਤ ਕੰਮਾਂ ਲਈ ਵੀ ਵਰਤ ਰਹੇ ਹਨ ਜਿਵੇਂ ਕਿ ਫਰਾਡ ਈ-ਮੇਲ, ਸਕੂਲ ਦੇ ਵਿਚ ਨਕਲ ਮਾਰਨ ਲਈ ਤੇ ਝੂਠੀਆਂ ਖ਼ਬਰਾਂ ਫੈਲਾਉਣ ਵਾਸਤੇ। ਸੰਸਾਰ ਦੀਆਂ ਸਰਕਾਰਾਂ ਅਜੇ ਏ.ਆਈ. ਨੂੰ ਕੰਟਰੋਲ ਕਰਨ ਲਈ ਨਵੇਂ ਨਿਯਮ ਬਣਾਉਣ ਲਈ ਸੋਚ ਹੀ ਰਹੀਆਂ ਹਨ, ਪਰ ਏ.ਆਈ. ਟੈਕਨੋਲੋਜੀ ਨਿੱਤ ਨਵੀਂ ਤਰੱਕੀ ਕਰ ਰਹੀ ਹੈ। ਅਲੱਗ-ਅਲੱਗ ਕੰਪਨੀਆਂ ਜਿਵੇਂ ਕਿ ਗੂਗਲ, ਫੇਸਬੁਕ, ਮਾਈਕਰੋਸੌਫਟ ਆਦਿ ਆਪਣੇ ਪ੍ਰੋਗਾਮ ਰਿਲੀਜ਼ ਕਰਨ ਲਈ ਤੱਤਪਰ ਹਨ। ਹਾਲਾਂਕਿ ਇਹ ਕੰਪਨੀਆਂ ਵੀ ਏ.ਆਈ. ਦੇ ਹੱਥੋਂ ਬਾਹਰਾ ਹੋਣ 'ਤੇ ਚਿੰਤਾ ਪ੍ਰਗਟਾ ਰਹੀਆਂ ਹਨ ਪਰ ਇਸ ਵੇਲ਼ੇ ਉਹਨਾਂ ਨੇ ਇਸ ਨੂੰ ਸਾਈਡ 'ਤੇ ਕਰ ਦਿੱਤਾ ਹੈ। ਆਉਣ ਵਾਲ਼ੇ ਸਮੇਂ ਵਿਚ ਏ.ਆਈ. ਤੇ ਰੋਬੋਟਿਕਸ ਮਿਲ਼ ਕੇ ਹੋਰ ਨਵੇਂ ਅਯਾਮ ਸਿਰਜਣਗੇ ਤੇ ਕਾਰਪੋਰੇਟ ਕਲਚਰ ਉਹਨਾਂ ਨੂੰ ਆਪਣੇ ਹਿਸਾਬ ਨਾਲ਼ ਵਰਤੇਗਾ ਜਿਵੇਂ ਕਿ ਹੋਰ ਤਕਨੀਕਾਂ ਵਰਤਦਾ ਆਇਆ ਹੈ। ਇਸ ਤਰ੍ਹਾਂ ਉਹ ਆਪਣੇ ਮੁਲਾਜ਼ਮਾਂ 'ਤੇ ਨਿਗਾਹ ਵੀ ਰੱਖ ਸਕਦਾ ਹੈ, ਉਹਨਾਂ ਨੂੰ ਗਿੰਨੀ ਪਿਗ ਬਣਾਕੇ, ਜਿਸ ਤਰ੍ਹਾਂ ਤੁਸੀਂ ਡਾ. ਦੇਵਿੰਦਰ ਪਾਲ ਸਿੰਘ ਦੀ ਕਹਾਣੀ ਵਿਚ ਪੜ੍ਹੋਗੇ।

ਪਰ ਕਈ ਵਾਰ ਅਜਿਹਾ ਵੀ ਹੁੰਦਾ ਹੈ ਆਮ ਲੋਕ ਨਵੀਂ ਟੈਕਨੋਲੋਜੀ ਨੂੰ ਸਮਝਦੇ ਨਹੀਂ ਜਾਂ ਫਿਰ ਅਪਣਾਉਣ ਤੋਂ ਗ਼ੁਰੇਜ਼ ਕਰਦੇ ਹਨ ਤੇ ਉਸਦਾ ਵਿਰੋਧ ਕਰਦੇ ਹਨ। ਅਜਮੇਰ ਸਿੱਧੂ ਦੀ ਕਹਾਣੀ ਅੰਨ੍ਹੇ-ਸੁਜਾਖੇ ਵਿਚ ਵਿਗਿਆਨ ਦੀ ਨਵੀਆਂ ਖੋਜਾਂ ਦਾ ਵਿਰੋਧ ਕਰਦੇ ਲੋਕ ਇੱਕ ਆਜ਼ਾਦ ਖ਼ਿਆਲ ਵਿਗਿਆਨੀ ਡਾ. ਏ. ਐਸ. ਬਾਠ ਨੂੰ ਅੰਨ੍ਹੇ ਜਾਪਦੇ ਹਨ।

ਇੰਜ. ਈਸ਼ਰ ਸਿੰਘ ਦਾ ਬਿਜਲੀ ਵਾਰੇ ਲੇਖ ਬਿਜਲੀ ਦੇ ਇਤਿਹਾਸਿਕ ਪਰਿਪੇਖ ਨੂੰ ਦਰਸਾਉਂਦੀ ਹੋਈ, ਬਿਜਲੀ ਦੇ ਫ਼ਾਇਦੇ, ਰਾਜਨੀਤਿਕ ਕੰਟਰੋਲ ਤੇ ਵਰਤੋਂ ਤੇ ਦੁਰਵਰਤੋਂ ਵਾਰੇ ਜਾਣਕਾਰੀ ਪ੍ਰਦਾਨ ਕਰਦਾ ਹੋਇਆ ਵਾਤਾਵਰਣ ਤੇ ਕੁਦਰਤੀ ਸਾਧਨਾ ਦੇ ਸਦਉਪਯੋਗ 'ਤੇ ਜ਼ੋਰ ਦਿੰਦਾ ਹੈ।

ਬੱਚਿਆਂ ਦੇ ਕੋਨੇ ਵਿਚ ਆਪ ਪ੍ਰਿੰਸੀਪਲ ਹਰੀਕ੍ਰਿਸ਼ਨ ਮਾਇਰ ਦੀ ਕਹਾਣੀ ਪਲਾਸਟਿਕ ਦਾ ਡੱਡੂ, ਡਾ. ਦੇਵਿੰਦਰ ਪਾਲ ਸਿੰਘ ਦਾ ਨਾਟਕ ਸਤਰੰਗੀ ਪੀਂਘ ਆਦਮੀ ਦੀ ਵਾਤਾਵਰਣ ਪ੍ਰਤੀ ਲਾਪਰਵਾਹੀ ਨੂੰ ਪੇਸ਼ ਕਰਦੇ ਹੋਏ ਰੰਗਬਰੰਗੀ ਕੁਦਰਤ ਦਾ ਅਨੰਦ ਮਾਨਣ ਤੇ ਸਾਂਭ-ਸੰਭਾਲ ਵਾਰੇ ਪ੍ਰੇਰਿਤ ਕਰਦੇ ਹਨ।

ਇਸ ਤਰ੍ਹਾਂ ਇਸ ਨਵੇਂ ਸਾਲ ਦੇ ਅੰਕ ਵਿਚ ਆਪ ਜੀ ਨੂੰ ਹੋਰ ਵੀ ਰੌਚਿਕ ਵਿਗਿਆਨ ਨਾਲ਼ ਸੰਬੰਧਿਤ ਸਮਗਰੀ ਪੜ੍ਹਨ ਨੂੰ ਮਿਲੇਗੀ।

ਅਸੀਂ ਆਸ ਕਰਦੇ ਹਾਂ ਕਿ ਤੁਸੀਂ ਪਿਛਲੇ ਸਾਲ ਦੀ ਤਰ੍ਹਾਂ, ਨਵੇਂ ਸਾਲ ਵਿੱਚ ਵੀ 'ਉਡਾਣ' ਨੂੰ ਪਸੰਦ ਕਰੋਗੇ। ਅਸੀਂ ਇਸ ਦੇ ਹਰੇਕ ਅੰਕ ਨੂੰ ਹੋਰ ਵੀ ਵਧੀਆ ਬਨਾਉਣ ਦਾ ਯਤਨ ਕਰਦੇ ਰਹਾਂਗੇ। ਸਮਾਂ ਜਲਦੀ ਬੀਤਦਾ ਜਾਂਦਾ ਹੈ, ਪਰ ਇਸਦਾ ਵੇਰਵਾ ਰੱਖਣ ਦਾ ਇੱਕ ਤਰੀਕਾ ਹੈ ਕਿ ਅਸੀਂ ਆਪਣੀ ਡਾਇਰੀ ਜਾਂ ਜਰਨਲ ਵਿਚ ਇਹ ਨੋਟ ਕਰਦੇ ਰਹੀਏ ਕਿ ਅਸੀਂ ਕੀ ਪੜ੍ਹਿਆ, ਦੇਖਿਆ, ਸੁਣਿਆ ਤੇ ਮਹਿਸੂਸ ਕੀਤਾ। ਤੁਸੀਂ ਪਿਛਲੇ ਸਾਲ ਕੀ ਪੜ੍ਹਿਆ ਦੇਖਿਆ, ਸੁਣਿਆ ਤੇ ਮਹਿਸੂਸ ਕੀਤਾ? ਤੁਸੀਂ ਕੀ ਪਸੰਦ ਕੀਤਾ ਤੇ ਕੀ ਪੜ੍ਹਨ, ਸੁਨਣ ਤੇ ਦੇਖਣ ਦਾ ਸੁਝਾਅ ਦਿੰਦੇ ਹੋ? ਉਡਾਣ ਮੈਗ਼ਜ਼ੀਨ ਨੂੰ ਪੜ੍ਹਦਿਆਂ ਕਦੀ ਤੁਸੀਂ ਇੰਜ ਮਹਿਸੂਸ ਕੀਤਾ ਹੋਣਾ ਕਿ ਇਸ ਵਿੱਚ ਆਹ ਮੈਟਰ ਵੀ ਹੋਣਾ ਚਾਹੀਦਾ ਸੀ, ਆਹ ਫੀਚਰ ਨਵਾਂ ਜੋੜਨਾ ਚਾਹੀਦਾ ਹੈ? ਜੇ ਤੁਸੀਂ ਕਦੇ ਅਜਿਹਾ ਕੁਝ ਮਹਿਸੂਸ ਕੀਤਾ ਹੈ ਤਾਂ ਸਾਨੂੰ ਈ-ਮੇਲ ਕਰੋ। ਅਸੀਂ ਵਿਗਿਆਨਿਕ ਸੋਚ ਪ੍ਰਫੁੱਲਤ ਕਰਨ ਹਿਤ ਤੁਹਾਡੀ ਸਲਾਹ ਨਾਲ਼ ਰਾਹ ਤਿਆਰ ਕਰਕੇ,ਅਗਾਂਹ ਤੁਰਨ ਦਾ ਯਤਨ ਕਰਾਂਗੇ।

ਹਮੇਸ਼ਾਂ ਦੀ ਤਰ੍ਹਾਂ ਆਪਜੀ ਦੇ ਸੁਝਾਵਾਂ ਤੇ ਪ੍ਰਤੀਕਿਰਿਆ ਦੀ ਉਡੀਕ ਵਿੱਚ ...

~ ਅਮਨਦੀਪ ਸਿੰਘ

punjabiscifi@gmail.com

"ਉਡਾਣ" ਮੈਗ਼ਜ਼ੀਨ ਵਿੱਚ ਲੇਖਕਾਂ ਵਲ੍ਹੋਂ ਪ੍ਰਗਟਾਏ ਵਿਚ ਉਹਨਾਂ ਦੇ ਆਪਣੇ ਹਨ। ਅਦਾਰਾ ਉਡਾਣ ਦੀ ਟੀਮ ਦਾ ਉਹਨਾਂ ਨਾਲ਼ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। - ਸੰਪਾਦਕ

ਵਰ੍ਹੇ ਦਾ ਦਰਿਆ

ਅਮਨਦੀਪ ਸਿੰਘ

ਵਰ੍ਹੇ ਦਾ ਦਰਿਆ
ਪਲ ਭਰ 'ਚ ਵਹਿ ਗਿਆ।
ਪਰ ਜਾਂਦਾ ਜਾਂਦਾ
ਕਿੰਨਾ ਕੁਝ ਕਹਿ ਗਿਆ।

ਪਿਛਲੇ ਵਰ੍ਹੇ ਏ.ਆਈ. ਦੀ
ਚਰਚਾ ਹੁੰਦੀ ਰਹੀ।
ਜੋ ਨਿਤ ਨਵੇਂ ਅਯਾਮ
ਸਿਰਜਦੀ ਰਹੀ।

ਪੁਲਾੜੀ ਦੂਰਬੀਨਾਂ
ਮਨਮੋਹਕ ਚਿੱਤਰ
ਖਿੱਚਦੀਆਂ ਰਹੀਆਂ।
ਬ੍ਰਹਿਮੰਡ ਦੇ ਨਵੇਂ
ਰਹੱਸ ਉਜਾਗਰ
ਕਰਦੀਆਂ ਰਹੀਆਂ।

ਭਾਰਤ ਨੇ ਚੰਦਰਯਾਨ
ਚੰਦ ਦੇ ਉੱਪਰ ਪਹੁੰਚਾਇਆ।
ਕੁਲ ਦੁਨੀਆਂ ਨੂੰ
ਆਪਣਾ ਜੌਹਰ ਦਿਖਾਇਆ।

ਜੀਵ ਵਿਗਿਆਨੀ ਵੀ
ਕਿਸੇ ਕੋਲੋਂ
ਪਿੱਛੇ ਨਹੀਂ ਰਹੇ।
ਮਨੁੱਖੀ ਜੀਨਜ਼ ਨੂੰ
ਬਦਲਣ ਵਿਚ
ਕਾਮਯਾਬ ਰਹੇ।

ਆਹ! ਜੰਗ ਦੇ ਮਾਰੂ
ਤੂਫ਼ਾਨ ਅਜੇ ਥੰਮ ਨਹੀਂ ਰਹੇ।
ਸਗੋਂ ਦਿਨੋਂ-ਦਿਨ
ਹੋਰ ਤੇਜ਼ ਨੇ ਹੋ ਰਹੇ।

ਮਨੁੱਖ ਮਨੁੱਖਤਾ ਦਾ ਹੀ
ਘਾਣ ਹੈ ਕਰ ਰਿਹਾ।
ਪਿਆਰ ਦੇ ਨਾਲ਼
ਕਿਓਂ ਨਹੀਂ ਰਹਿ ਰਿਹਾ?

ਕਦੋਂ ਇਸ ਧਰਤੀ ਤੇ
ਅਮਨ ਦੇ ਬੱਦਲ ਛਾਣਗੇ?
ਆਪਣੀ ਠੰਡੀ ਫ਼ੁਹਾਰ
ਆਲਮ ਤੇ ਵਰਸਾਣਗੇ?

**

ਡਾ. ਏ. ਐਸ. ਬਾਠ ਦੀ ਸੋਚ ਉਸ ਬਹੁਤ ਵੱਡੇ ਪਲੇਟਫਾਰਮ ਉੱਤੇ ਟਿਕੀ ਹੋਈ ਹੈ, ਜਿਹੜਾ ਸਕਾਟਲੈਂਡ ਦੇ ਇੰਜੀਨੀਅਰਾਂ ਨੇ ਸਮੁੰਦਰ ਵਿਚ ਬਣਾਇਆ ਹੋਇਆ ਹੈ। ਉਨ੍ਹਾਂ ਇਸ ਪਲੇਟ ਫਾਰਮ ਉੱਤੇ ਪੂਰੇ ਦਾ ਪੂਰਾ ਸ਼ਹਿਰ ਵਸਾ ਲਿਆ ਸੀ। ਇਸ ਨੂੰ ਧਰਤੀ ਤੋਂ ਰੇਲ ਅਤੇ ਸੜਕਾਂ ਨਾਲ ਵੀ ਜੋੜਿਆ ਹੋਇਆ ਹੈ। ਭੂਚਾਲ ਵੀ ਇਸ ਤੈਰਨ ਵਾਲੇ ਪਲੇਟ ਫਾਰਮ ਨੂੰ ਨੁਕਸਾਨ ਨਹੀਂ ਪਹੁੰਚਾ ਸਕਦਾ। ਜਦੋਂ ਪ੍ਰਬੰਧਕੀ ਸਿੰਡੀਕੇਟ ਨੂੰ ਲਗਦਾ ਹੈ ਕਿ ਪਲੇਟ ਫਾਰਮ ਦੀ ਥਾਂ ਸਹੀ ਨਹੀਂ ਤਾਂ ਉਹ ਉਸਨੂੰ ਖਿਸਕਾ ਕੇ ਦੂਜੀ ਥਾਂ ਲੈ ਜਾਂਦੇ ਹਨ।

'ਰੋਸਲਿਨ ਇੰਸਟੀਚਿਊਟ' ਦੇ ਵਿਗਿਆਨਕਾਂ ਨੇ ਉਸ ਪਲੇਟਫਾਰਮ ਉੱਤੇ ਦਰਸ਼ਕਾਂ ਲਈ ਇਕ ਪ੍ਰਯੋਗਸ਼ਾਲਾ ਸਥਾਪਤ ਕੀਤੀ ਸੀ। ਕਈ ਸਾਲ ਇਸ ਪ੍ਰਯੋਗਸ਼ਾਲਾ ਦਾ ਇੰਚਾਰਜ ਏ. ਐਸ. ਬਾਠ ਰਿਹਾ ਸੀ। ਇਥੇ ਵਿਗਿਆਨੀ ਅਸਮਾਨੀ ਬਿਜਲੀ ਤੋਂ ਊਰਜਾ ਦਾ ਕੰਮ ਲੈਂਦੇ ਹਨ। ਜਦੋਂ ਅਕਾਸ਼ ਵਿਚ ਬੱਦਲਵਾਈ ਹੁੰਦੀ ਹੈ ਤਾਂ ਉਹ ਆਪਣਾ ਰਾਕੇਟ ਦਾਗ ਦਿੰਦੇ ਹਨ, ਜਿਹੜਾ ਆਪਣੇ ਪੰਧ ਦੇ ਰਸਤੇ ਵਿਚਲੇ ਕਣਾਂ ਨੂੰ ਚਾਰਜਤ ਕਰਦਾ ਹੋਇਆ ਬੱਦਲਾਂ ਵਿਚ ਦੀ ਲੰਘ ਜਾਂਦਾ ਹੈ। ਅਸਮਾਨੀ ਬਿਜਲੀ ਉਸੇ ਰਸਤੇ ਉੱਤੇ ਧਰਤੀ ਵੱਲ ਨੂੰ ਤੁਰ ਪੈਂਦੀ ਹੈ। ਬਿਜਲੀ ਰਾਕੇਟ ਦਾਗਣ ਵਾਲੇ ਸਥਾਨ ਤੇ ਪਏ ਉਪਕਰਣਾਂ ਉੱਤੇ ਆ ਡਿੱਗਦੀ ਹੈ। ਇਸ ਤਰ੍ਹਾਂ ਜਮ੍ਹਾਂ ਹੋਈ ਬਿਜਲੀ ਨਾਲ ਹੀ ਉਸ ਪ੍ਰਯੋਗਸ਼ਾਲਾ ਵਿਚ ਨਿਰੰਤਰ ਕੰਮ ਚਲਦਾ ਰਹਿੰਦਾ ਹੈ।

ਇਸ ਪ੍ਰਯੋਗਸ਼ਾਲਾ ਵਿਚ ਉਨ੍ਹਾਂ 'ਜੀਨ ਚਿਪ ਮਸ਼ੀਨ' ਵੀ ਰੱਖੀ ਹੋਈ ਹੈ। ਜਿਹੜੀ ਬਾਇਓ ਟੈਕਨੀਕ ਰਾਹੀਂ ਮਨੁੱਖ ਦੀ ਰਹਿੰਦੀ ਉਮਰ ਅਤੇ ਜੀਵਨ ਕਾਲ ਵਿਚ ਹੋਣ ਵਾਲੀਆਂ ਗੰਭੀਰ ਕਿਸਮ ਦੀਆਂ ਬਿਮਾਰੀਆਂ ਦੀ ਜਾਣਕਾਰੀ ਦਿੰਦੀ ਹੈ। ਇਥੋਂ ਦੇ ਵਿਗਿਆਨੀਆਂ ਨੇ ਸਮੁੰਦਰ ਦੀਆਂ

ਡੂੰਘਾਈਆਂ ਵਿਚ ਸਫ਼ਰ ਕਰਨ ਵਾਲਾ ਘੋੜਾ ਵੀ ਬਣਾਇਆ ਹੋਇਆ ਹੈ। ਦਰਸ਼ਕ ਇਸ ਉਪਰ ਬੈਠ ਕੇ ਨਜ਼ਾਰਾ ਦੇਖਣ ਸਮੁੰਦਰ ਦੇ ਅੰਦਰ ਚਲੇ ਜਾਂਦੇ ਹਨ। ਉਥੇ ਸਾਹ ਲੈਣ ਲਈ ਆਕਸੀਜਨ ਦਾ ਪ੍ਰਬੰਧ ਹੁੰਦਾ ਹੈ।

ਇਸ ਭਾਰਤੀ ਵਿਗਿਆਨੀ ਦਾ ਪਿੰਡ ਪੰਜਾਬ ਵਿਚ ਹੈ। ਉਹ ਉੱਨੀ ਸੌ ਪਝੱਤਰ ਵਿਚ ਪੱਚੀ ਸਾਲ ਦੀ ਉਮਰ ਵਿਚ ਉਚੇਰੀ ਪੜ੍ਹਾਈ ਲਈ ਇੰਗਲੈਂਡ ਗਿਆ ਸੀ। ਉਸ ਪੜ੍ਹਾਈ ਪੂਰੀ ਕਰਨ ਉਪਰੰਤ ਸਕਾਟਲੈਂਡ ਦੀ ਵਿਗਿਆਨ ਸੰਸਥਾ ਵਿਚ ਵਿਗਿਆਨੀ ਦੇ ਤੌਰ 'ਤੇ ਨੌਕਰੀ ਕਰਨੀ ਸ਼ੁਰੂ ਕੀਤੀ ਸੀ। ਉਸਦਾ ਪੂਰਾ ਨਾਂ ਅਰਜਨ ਸਿੰਘ ਬਾਠ ਹੈ। ਜੈਨੇਟਿਕ ਇੰਜੀਨੀਅਰਿੰਗ ਦੇ ਖੇਤਰ ਵਿਚ ਇਸ ਵਿਗਿਆਨੀ ਦਾ ਵੱਡਾ ਨਾਂ ਹੈ, ''ਰੋਸਲਿਨ ਇੰਸਟੀਚਿਊਟ' ਦੀ ਜਿਸ ਟੀਮ ਨੇ 'ਡੌਲੀ' ਨਾਂ ਦੀ ਭੇਡ ਦਾ ਕਲੋਨ ਤਿਆਰ ਕੀਤਾ ਸੀ, ਡਾ. ਏ. ਐਸ. ਬਾਠ ਉਸ ਵਿਚ ਸ਼ਾਮਿਲ ਸੀ।

ਉਹ ਆਪਣੀ ਨੌਕਰੀ ਤੋਂ ਸੇਵਾ ਮੁਕਤ ਹੋ ਕੇ ਪੱਕੇ ਤੌਰ 'ਤੇ ਆਪਣੇ ਪਿੰਡ ਵਿਚ ਵਸ ਗਿਆ ਹੈ। ਉਸਨੇ ਆਪਣੀ ਜ਼ਮੀਨ ਵਿਚ ਪ੍ਰਯੋਗਸ਼ਾਲਾ, ਇਕ ਹਾਲ ਅਤੇ ਉਪਰ ਰਿਹਾਇਸ਼ ਵਾਲੀ ਇਮਾਰਤ ਦੀ ਉਸਾਰੀ ਕਰਵਾਈ। ਵੱਡੀ ਗਿਣਤੀ ਵਿਚ ਛਾਂ ਦਾਰ ਦਰਖਤ, ਸੁੰਦਰ ਫੁੱਲ ਅਤੇ ਫ਼ਲਾਂ ਦੇ ਬੂਟੇ ਲਾਏ। ਇਮਾਰਤ ਦੇ ਬਾਹਰ 'ਨਿਊਟਨ ਪਾਥ' ਦੇ ਨਾਂ ਵਾਲੀ ਪਲੇਟ ਲਾ ਦਿੱਤੀ। ਉਹ ਤੇ ਉਸਦਾ ਸਹਾਇਕ ਹਮੇਸ਼ਾ ਕੰਮ ਵਿਚ ਰੁਝੇ ਰਹਿੰਦੇ। ਬੂਟਿਆਂ ਤੇ ਦਰਖ਼ਤਾਂ ਦੀ ਕੱਟ ਵੱਢ, ਸਫ਼ਾਈ ਅਤੇ ਪਾਣੀ ਆਪ ਹੀ ਲਾਉਂਦੇ। ਨੌਕਰਾਂ ਵਾਲੇ ਸਮਝੇ ਜਾਂਦੇ ਕੰਮ, ਯੂਰਪੀ ਸੁਭਾਅ ਮੁਤਾਬਕ ਉਹ ਆਪ ਹੀ ਕਰਦਾ। ਸਧਾਰਨ ਕੱਦ, ਛੀਂਟਕਾ ਸਰੀਰ ਤੇ ਲਾਲ ਦਗ਼ਾ-ਦਗ਼ਾ ਕਰਦੇ ਚਿਹਰੇ ਤੋਂ ਉਹ ਵਲੈਤੀਆ ਲਗਦਾ। ਸੰਘਣੇ ਚਿੱਟੇ ਵਾਲਾਂ ਵਿਚ ਵੀ ਉਹ ਫੁਰਤੀਲਾ ਜਵਾਨ ਦਿਸਦਾ ਹੈ। ਤੜਕੇ ਉੱਠ ਕੇ ਲੰਮੀ ਤੇ ਤੇਜ਼ ਤੇਜ਼ ਸੈਰ ਕਰਨੀ ਅਤੇ ਆਪਣੇ ਬਾਗ਼ ਬਗੀਚੇ ਵਿਚ ਪੁੱਜ ਕੇ ਕਸਰਤ ਕਰਨੀ ਉਸਦਾ ਨਿੱਤ ਨੇਮ ਹੈ।

ਇਕ ਦਿਨ ਉਹਨਾਂ ਦੀ ਪ੍ਰਯੋਗਸ਼ਾਲਾ ਵਿਚ ਬਹੁਤ ਸਾਰੇ ਪ੍ਰੋਫ਼ੈਸਰ, ਲੇਖਕ ਅਤੇ ਪੱਤਰਕਾਰ ਆਏ। ਆਰੀਆ ਕਾਲਜ ਦਾ ਪ੍ਰੋਫ਼ੈਸਰ ਪੁਰੀ ਵੀ ਉਨ੍ਹਾਂ ਵਿਚ ਸ਼ਾਮਿਲ ਸੀ, ਜੋ ਉਸਦਾ ਗੂੜਾ ਮਿੱਤਰ ਹੈ। ਬਾਠ ਦੇ ਪਿੰਡ ਦਾ ਹੀ ਐਮ. ਐਸ. ਸੀ. ਕਰ ਰਿਹਾ ਬਲਰਾਜ ਸਿੰਘ ਪ੍ਰੋਫ਼ੈਸਰ ਪੁਰੀ ਦਾ ਵਿਦਿਆਰਥੀ ਹੈ। ਪ੍ਰੋਫ਼ੈਸਰ ਸਾਹਿਬ ਨੇ ਉਸਨੂੰ ਵੀ ਪ੍ਰਯੋਗਸ਼ਾਲਾ ਸੱਦ ਲਿਆ ਸੀ। ਬਾਠ ਸਾਹਿਬ ਨੇ ਪ੍ਰੈੱਸ ਨੂੰ ਦੱਸਿਆ ਕਿ ਉਹ ਪਿੰਡ ਵਿਚ 'ਐਡਵਾਂਸਡ ਸੈੱਲ ਟੈਕਨਾਲੋਜੀ' ਸਥਾਪਤ ਕਰ ਰਹੇ ਹਨ। ਤਾਂ ਕਿ ਉਸਦੇ ਆਪਣੇ ਪਿੰਡ, ਇਲਾਕੇ, ਪੰਜਾਬ ਜਾਂ ਦੇਸ਼ ਦੇ ਨੌਜਵਾਨ ਵੀ ਵਧੀਆ ਵਿਗਿਆਨਕ ਸੋਚ ਦੇ ਧਾਰਨੀ ਬਣ ਸਕਣ ਅਤੇ ਹੋ ਸਕਦੈ ਕੁਝ ਵਿਗਿਆਨੀ ਵੀ ਬਣ ਜਾਣ। ਇਥੇ ਉਹ ਵਿਦਿਆਰਥੀਆਂ ਨੂੰ ਵਿਗਿਆਨਕ ਖੋਜਾਂ ਵਿਚ ਸ਼ਾਮਿਲ ਕਰਨਗੇ। ਵਿਗਿਆਨਕ ਮੈਗਜ਼ੀਨ 'ਨੇਚਰ' ਦਾ ਪੰਜਾਬੀ ਵਿਚ ਉਲੱਥਾ ਕਰਕੇ ਛਾਪਿਆ ਕਰਨਗੇ। ਪੰਜ ਸਾਲ ਤੱਕ ਇਹ ਪ੍ਰੋਜੈਕਟ ਸ਼ੁਰੂ ਕਰ ਦੇਣਗੇ। ਪ੍ਰੋਫ਼ੈਸਰ ਪੁਰੀ ਨੇ ਬਲਰਾਜ ਸਿੰਘ ਨੂੰ ਵੀ ਉਨ੍ਹਾਂ ਨਾਲ ਜੋੜ ਦਿੱਤਾ ਸੀ।

ਉਨ੍ਹਾਂ ਨੇ ਫ਼ੈਸਲਾ ਕੀਤਾ ਕਿ ਜਦੋਂ ਤੱਕ 'ਐਡਵਾਂਸਡ ਸੈੱਲ ਟੈਕਨਾਲੌਜੀ' ਸਥਾਪਤ ਹੋਣਾ ਹੈ, ਉਦੋਂ ਤੱਕ ਉਹ ਹੋਣਹਾਰ ਵਿਦਿਆਰਥੀਆਂ ਅਤੇ ਨੌਜਵਾਨਾਂ ਵਿਚ ਵਿਗਿਆਨਕ ਚੇਤਨਾ ਪੈਦਾ ਕਰਨਗੇ। ਇਸ ਤੋਂ ਪਹਿਲਾਂ ਉਸਨੇ ਉਨ੍ਹਾਂ ਦੇ ਮਾਪਿਆਂ ਅੰਦਰ ਇਸਦਾ ਫੈਲਾਓ ਕਰਨਾ ਚਾਹਿਆ। ਇਸ ਦੀ ਸ਼ੁਰੂਆਤ ਉਸ ਆਪਣੇ ਪਿੰਡ ਤੋਂ ਹੀ ਕੀਤੀ। ਉਸਨੇ ਪੜ੍ਹੇ ਲਿਖੇ ਪੱਚੀ ਔਰਤਾਂ ਅਤੇ ਪੱਚੀ ਮਰਦ ਚੁਣੇ, ਜਿਨ੍ਹਾਂ ਦੇ ਬੱਚੇ ਵਿਦਿਆਰਥੀ ਸਨ। ਉਸਨੇ ਉਨ੍ਹਾਂ ਦੇ ਨਾਂ ਅਤੇ ਵੇਰਵੇ ਕੰਪਿਊਟਰ ਵਿਚ ਫੀਡ ਕਰ ਲਏ।

ਹਰ ਐਤਵਾਰ ਕਲਾਸ ਲਗਣੀ ਸ਼ੁਰੂ ਹੋਈ। ਇਨ੍ਹਾਂ ਐਤਵਾਰਾਂ ਨੂੰ ਉਸ ਵਿਗਿਆਨ ਕੀ ਹੈ? ਮਨੁੱਖੀ ਜੀਵਨ ਵਿਚ ਵਿਗਿਆਨ ਦੀ ਵੀ ਮਹੱਤਤਾ ਹੈ? ਵਿਗਿਆਨ ਹੀ ਕਿਉਂ ਪੜ੍ਹੀਏ? ਵਿਗਿਆਨ ਨਾਲ ਹੀ ਕਿਉਂ ਜੁੜੀਏ? ਆਦਿ ਵਿਸ਼ਿਆਂ 'ਤੇ ਚਰਚਾ ਕਰਵਾਈ। ਸਵੇਰੇ ਉੱਠਦੇ ਸਾਰ ਬੁਰਸ ਕਰਨ ਤੋਂ ਲੈ ਕੇ ਰਾਤ ਬੈੱਡ 'ਤੇ ਸੌਣ ਤੱਕ ਹਰ ਵਸਤ ਜੋ ਵਿਗਿਆਨੀਆਂ ਨੇ ਬਣਾਈ ਹੈ, ਦੀ ਵਰਤੋਂ ਬਾਰੇ ਬੜੀਆਂ ਖੁੱਲ੍ਹੀਆਂ ਅਤੇ ਬਰੀਕ ਗੱਲਾਂ ਕੀਤੀਆਂ। ਲੋਕਾਂ ਲਈ ਇਹ ਨਵੀਆਂ ਗੱਲਾਂ ਸਨ। ਉਹ ਹਰ ਵਾਰ ਨਵਾਂ ਵਿਸ਼ਾ ਛੁਹ ਲੈਂਦਾ ਅਤੇ ਪ੍ਰੋਜੈਕਟਰ ਰਾਹੀਂ ਵਿਗਿਆਨ ਦੇ ਚਮਤਕਾਰ ਪੇਸ਼ ਕਰਦਾ।

ਸਰੋਤੇ ਵੀ ਉਸਨੂੰ ਖੁਭ ਕੇ ਸੁਣਦੇ। ਉਸ ਨਾਲ ਵਿਚਾਰ ਵਟਾਂਦਰਾਂ ਕਰਨ ਲੱਗੇ। ਇਕ ਦਿਨ ਉਨ੍ਹਾਂ ਉਸਨੂੰ ਅਨੇਕਾਂ ਸਵਾਲ ਕੀਤੇ,

''ਅਸੀਂ ਮਨੁੱਖ ਕਿਉਂ ਹਾਂ? ਸ਼ੇਰ ਜਾਂ ਲੰਗੂਰ ਕਿਉਂ ਨਹੀਂ ਬਣ ਰਹੇ?

ਲੰਗੂਰ ਤੋਂ ਮਨੁੱਖ ਕਿਵੇਂ ਬਣੇ? ਹੁਣ ਲੰਗੂਰਾਂ ਤੋਂ ਮਨੁੱਖ ਕਿਉਂ ਨਹੀਂ ਬਣ ਰਹੇ? ਕੁੱਤਾ, ਬਿੱਲੀ, ਗਾਂ, ਬਲਦ... ਆਦਿ ਵੱਖ ਕਿਉਂ ਹਨ? ਜੀਵ ਮਾਸਾਹਾਰੀ ਜਾਂ ਸਾਕਾਹਾਰੀ ਕਿਉਂ ਹੁੰਦੇ ਹਨ? ਚੂਹੇ ਨੂੰ ਛੇਤੀ ਕੀਤੇ ਦਰਦ ਜਾਂ ਕੈਂਸਰ ਕਿਉਂ ਨਹੀਂ ਹੁੰਦਾ? ਸੋਹਣੀ ਜਿਹੀ ਮੋਨਾਰਕ ਤਿਤਲੀ ਕੌੜੀ ਤੇ ਜ਼ਹਿਰੀਲੀ ਕਿਉਂ ਹੁੰਦੀ ਹੈ? ਕੋਇਲ ਕਿਉਂ ਮਿੱਠਾ ਗਾਉਂਦੀ ਹੈ?''

ਉਸਨੇ ਦੱਸਿਆ ਇਸਦਾ ਰਾਜ਼ ਜੀਨੋਮ ਵਿਚ ਪਿਆ ਹੈ। ਇਸ ਨਾਲ ਸਰੀਰ ਦੀ ਬਿਮਾਰੀ, ਤੰਦਰੁਸਤੀ, ਸਹਿਣ ਸ਼ਕਤੀ, ਆਦਤਾਂ,

ਸਮਰੱਥਾ ਤੇ ਯੋਗਤਾ ਆਦਿ ਦਾ ਪਤਾ ਲੱਗ ਜਾਂਦਾ ਹੈ। ਸਹਾਇਕ ਨੇ ਲੈਪਟੋਪ 'ਤੇ ਉਂਗਲੀ ਘੁਮਾਉਣੀ ਸ਼ੁਰੂ ਕੀਤੀ ਸੀ। ਪਰਦੇ ਉੱਤੇ ਜੀਵਨ ਦੀ ਬ੍ਰਹਿਮੰਡੀ ਵਰਣਮਾਲਾ ਚਮਕ ਪਈ। ਉਸ ਦੱਸਿਆ ਜੀਨੋਮ ਦੀ ਇਹ ਲੜੀ ਲੱਭ ਜਾਣ ਨਾਲ ਵਿਗਿਆਨੀ ਨਾਮੁਰਾਦ ਬਿਮਾਰੀਆਂ ਅਤੇ ਉਨ੍ਹਾਂ ਦੇ ਇਲਾਜ਼ ਲੱਭ ਸਕਣਗੇ।

ਅੱਜ ਉਸ ਕਲੋਨ ਦੇ ਵਿਸ਼ੇ 'ਤੇ ਕਲਾਸ ਲਾਉਣੀ ਹੈ। ਜਿਸ ਵਿਗਿਆਨੀ ਨੇ ਭੇਡ, ਸੂਰ ਅਤੇ ਵੱਛੇ ਦੇ ਕਲੋਨ ਬਣਾਏ ਹੋਣ, ਉਸ ਕੋਲੋਂ ਕਲੋਨ ਬਣਾਉਣ ਦੀ ਵਿਧੀ ਸੁਣਨ ਦੀ ਸਰੋਤਿਆਂ ਵਿਚ ਬੜੀ ਉਤਸੁਕਤਾ ਹੈ। ਲੋਕ 'ਨਿਊਟਨ ਪਾਥ' ਦੇ ਹਾਲ ਅੰਦਰ ਕੁਰਸੀਆਂ 'ਤੇ ਬੈਠ ਗਏ ਹਨ। ਬਲਰਾਜ ਸਿੰਘ ਦੀ ਕੁਰਸੀ 'ਤੇ 'ਨੇਚਰ' ਮੈਗਜ਼ੀਨ ਦੀ 1998 ਵਾਲੀ ਕਾਪੀ ਪਈ ਹੈ। ਉਸਦੀ ਨਿਗਾ ਖੋਜ ਖ਼ਬਰ 'ਤੇ ਗਈ ਹੈ।

'5 ਜੁਲਾਈ 1996 ਨੂੰ ਡਾ. ਈਅਨ ਇਲਮਟ ਦੀ ਟੀਮ ਨੇ 'ਡੌਲੀ' ਨਾਂ ਦੀ ਭੇਡ ਦਾ ਕਲੋਨ ਬਣਾ ਕੇ ਦੁਨੀਆਂ ਨੂੰ ਹੈਰਾਨ ਕੀਤਾ ਸੀ। ਜਦੋਂ ਪਿਛਲੇ ਸਾਲ 27 ਫਰਵਰੀ 1997 ਨੂੰ ਇਹ ਚਮਤਕਾਰੀ ਖੋਜ ਅਸੀਂ ਛਾਪੀ ਸੀ ਤਾਂ ਬਹੁਤ ਸਾਰੇ ਲੋਕਾਂ ਨੇ ਸ਼ੰਕੇ ਪ੍ਰਗਟ ਕੀਤੇ ਸਨ। ਹੁਣ ਖ਼ਬਰ ਆਈ ਹੈ ਕਿ 'ਡੌਲੀ' ਜੁਆਨ ਹੋ ਗਈ ਹੈ। ਨੈਸ਼ਨਲ ਸਾਇੰਸ ਮਿਊਜ਼ੀਅਮ ਲੰਡਨ ਵਾਲਿਆਂ ਨੇ ਉਸ ਤੋਂ ਉੱਨ ਲਾਹ ਕੇ ਸਵੈਟਰ ਬੁਣਾਏ ਹਨ। ਨੀਲ੍ਹੇ, ਹਰੇ ਤੇ ਚਿੱਟੇ ਰੰਗ ਦਾ ਡਿਜਾਇਨ ਕੀਤਾ ਸਵੈਟਰ ਇਕ ਬਾਰ੍ਹਾਂ ਸਾਲ ਦੀ ਬਾਲੜੀ ਹੋਲੀ ਨੇ ਪਹਿਨ ਕੇ ਕੌਮੀ ਪੱਧਰ ਦਾ ਮੁਕਾਬਲਾ ਜਿੱਤਿਆ ਹੈ। ਸਵੈਟਰ ਦੀ ਬੁਣਤੀ ਵਿਚ ਖੇਤਾਂ ਵਿਚ ਚੁਗਦੀਆਂ ਦੋ ਇਕੋ ਜਿਹੀਆਂ (ਕਲੋਨ) ਭੇਡਾਂ ਵੀ ਬਣਾਈਆਂ ਹੋਈਆਂ ਹਨ।'

ਅੱਜ ਡਾ. ਏ. ਐਸ. ਬਾਠ ਨੇ ਵੀ ਉਹੋ ਜਿਹਾ ਸਵੈਟਰ ਪਹਿਨਿਆ ਹੋਇਆ ਹੈ। ਇਸ ਉੱਤੇ ਭੇਡ 'ਡੌਲੀ' ਤੇ ਉਸਦੀ ਧੀ 'ਬੌਨੀ' ਦੀ ਬੁਣਤੀ ਪਾਈ ਹੋਈ ਹੈ। ਉਹ ਬਹੁਤ ਖੁਸ਼ ਨਜ਼ਰ ਆ ਰਿਹਾ ਹੈ। ਉਸਦੇ ਸਹਾਇਕ ਨੇ ਪ੍ਰੋਜੈਕਟਰ ਔਨ ਕੀਤਾ ਹੈ। ਪਰਦੇ 'ਤੇ ਕਲੋਨ ਦੇ ਅਰਥ ਲਿਖੇ ਗਏ ਹਨ।

-'ਕਾਰਬਨ ਕਾਪੀ ਭਾਵ ਆਪਣੇ ਮਾਪੇ ਦੀ ਹੂ-ਬ-ਹੂ ਸ਼ਕਲ ਜਾਂ ਮੜੰਗਾ। ਉਸ ਪੂਰੇ ਟਾਇਮ 'ਤੇ ਆਪਣਾ ਲੈਕਚਰ ਸ਼ੁਰੂ ਕੀਤਾ ਹੈ-

"ਜਦੋਂ ਅਸੀਂ 27 ਫਰਵਰੀ,1997 ਨੂੰ 'ਡੌਲੀ' ਦਾ ਕਲੋਨ ਬਣਾਉਣ ਦੀ ਖ਼ਬਰ ਨਸ਼ਰ ਕੀਤੀ। ਉਦੋਂ ਸੰਸਾਰ ਭਰ ਦੇ ਲੋਕਾਂ ਦੇ ਕੰਨ ਸਾਡੀ ਸਕਾਟਲੈਂਡ ਦੀ ਸੰਸਥਾ 'ਰੋਸਲਿਨ ਇੰਸਟੀਚਿਊਟ' ਵੱਲ ਲੱਗ ਗਏ। ਰਾਤੋ-ਰਾਤ ਖੰਭਾਂ ਦੀ ਡਾਰ ਵਾਂਗ ਇਹ ਖ਼ਬਰ ਦੁਨੀਆਂ ਦੇ ਕੋਨੇ ਕੋਨੇ 'ਚ ਫੈਲ ਗਈ ਸੀ। ਕੀ ਭਲਾ ਕਿਸੇ ਖਾਸ ਤਰੀਕੇ ਨਾਲ ਭੇਡ ਦੀ ਪੈਦਾਇਸ਼ ਕਰਵਾਈ ਗਈ ਸੀ। ਗਾਂ, ਕਲੋਨ ਵਿਧੀ ਨਾਲ। ਜਿਵੇਂ ਗੁਲਾਬ ਦੀ ਕਲਮ ਲਗਾ ਕੇ ਗੁਲਾਬ ਦੇ ਹੋਰ ਪੌਦੇ ਤਿਆਰ ਕਰ ਲਏ ਜਾਂਦੇ ਹਨ।"

"ਇਹ ਭੇਡ ਅਤੇ ਭੇਡੂ ਦੇ ਮੇਲ ਤੋਂ ਬਿਨਾਂ ਹੀ ਪੈਦਾ ਹੋ ਗਈ ਸੀ?" ਗੁਰਵਿੰਦਰ ਸਿੰਘ ਸਵਾਲ ਪੁੱਛ ਕੇ ਬੈਠ ਗਿਆ ਹੈ।

"ਜੀ ਹਾਂ, ਬਿਨਾਂ ਮੇਲ ਤੋਂ। ਇਕ ਨਹੀਂ ਹਜ਼ਾਰਾਂ ਲੱਖਾਂ ਭੇਡਾਂ ਪੈਦਾ ਕੀਤੀਆਂ ਜਾ ਸਕਦੀਆਂ ਹਨ। ਕਲੋਨਿੰਗ ਵਿਧੀ ਵਿਚ ਮਾਂ ਬਾਪ ਦੀ ਜ਼ਰੂਰਤ ਨਹੀਂ ਹੁੰਦੀ। ਦੋਹਾਂ ਵਿੱਚੋਂ ਇਕ ਹੀ ਔਲਾਦ ਪੈਦਾ ਕਰ ਸਕਦਾ ਹੈ।" ਬਾਠ ਸਾਹਿਬ ਦੀ ਗੱਲ ਸੁਣ ਕੇ ਸਾਰੇ ਜਣੇ ਭੁਚੱਕੇ ਰਹਿ ਗਏ ਹਨ।

"ਕੀ ਇਸ ਵਿਧੀ ਨਾਲ ਹੋਰ ਜੀਵ-ਜੰਤੂ ਵੀ ਪੈਦਾ ਕੀਤੇ ਜਾ ਸਕਦੇ ਹਨ?" ਅਮਰ ਦੀ ਪਤਨੀ ਮਨੀਸ਼ਾ ਮੁਸਕਰਾਈ ਹੈ।

"ਹਾਂ, ਬੀਬਾ। ਕੋਈ ਵੀ ਜੀਵ-ਜੰਤੂ। ਮਨੁੱਖ ਵੀ ਬਣਾਏ ਜਾ ਸਕਦੇ ਹਨ। ਤੁਸੀਂ ਕਿਸੇ ਵੀ ਔਰਤ ਜਾਂ ਮਰਦ ਦਾ ਸੈੱਲ ਲੈ ਕੇ ਉਸਦੇ ਮੁੜੰਗੇ ਦਾ ਕਲੋਨ ਤਿਆਰ ਕਰ ਸਕਦੇ ਹੋ।" ਬਾਠ ਨੇ ਸਾਹ ਲੈ ਕੇ ਗੱਲ ਅੱਗੇ ਤੋਰੀ ਹੈ।

"ਇਕ ਵਿਚ ਦੋ ਆਪਸ਼ਨਜ਼ ਹਨ। ਜਿਸ ਵੀ ਔਰਤ ਜਾਂ ਮਰਦ ਦਾ ਹਮਸ਼ਕਲ ਤਿਆਰ ਕਰਨਾ ਹੈ। ਉਸਦੀ ਚਮੜੀ ਤੋਂ ਕੁਝ ਜਿਉਂਦੇ ਸੈੱਲ ਲੈ ਕੇ ਉਨ੍ਹਾਂ ਨੂੰ ਉਗਾਇਆ ਜਾਂਦਾ ਹੈ। ਜੇਕਰ ਤੁਸੀਂ ਦੋਹਰੀ ਸਖ਼ਸ਼ੀਅਤ ਤਿਆਰ ਕਰਨੀ ਹੈ ਤਾਂ ਇਕ ਦੇ ਸਰੀਰ ਦੇ ਸੈੱਲ ਅਤੇ ਦੂਸਰੇ ਦੇ ਦਿਮਾਗ਼ ਦੇ ਸੈੱਲ ਮਿਲਾ ਕੇ ਉਗਾਏ ਜਾਂਦੇ ਹਨ।"

ਉਹ ਮਨੀਸ਼ਾ ਵੱਲ ਵੇਖ ਮੁਸਕਰਾਇਆ ਹੈ। ਉਸਨੂੰ ਸੰਬੋਧਨ ਹੋਇਆ ਹੈ-

"ਮਸਲਨ ਜਿਸ ਬੀਬੀ ਨੇ ਸਵਾਲ ਕੀਤਾ ਹੈ। ਇਹ ਬਹੁਤ ਸੁੰਦਰ ਏ। ਮੰਨ ਲਓ ਇਸਦਾ ਦਿਮਾਗ਼ ਘੱਟ ਆ। ਪਲੀਜ਼ ਮਾਈਂਡ ਨ੍ਹੀਂ ਕਰਨਾ ਮਨੀਸ਼ਾ। ਇਹ ਬਲਰਾਜ ਸਿੰਘ ਬਾਇਓਲੋਜੀ ਵਿਚ ਮਾਸਟਰ ਕਰ ਰਹੇ ਨੇ ਪਰ ਸੋਹਣੇ ਸੁਨੱਖੇ ਨ੍ਹੀਂ ਪਰੀ ਵਰਗੀ ਬੀਬੀ ਮਨੀਸ਼ਾ ਦੇ ਚਮੜੀ ਦਾ ਸੈੱਲ ਅਤੇ ਬਲਰਾਜ ਦੇ ਦਿਮਾਗ਼ ਦਾ ਸੈੱਲ ਲੈ ਕੇ ਬਣੇ ਭਰੂਣ ਤੋਂ ਇਕ ਬਹੁਤ ਹੀ ਸੋਹਣਾ ਤੇ ਹੁਸ਼ਿਆਰ ਬੱਚਾ ਕਿਸੇ ਔਰਤ ਦੀ ਕੁੱਖ ਵਿਚ ਰੱਖ ਕੇ ਪੈਦਾ ਕੀਤਾ ਜਾ ਸਕਦਾ ਹੈ।"

"ਆਪਣੇ ਪਿੰਡ ਵਿਚ ਚਾਰ ਘਰ ਏਹੋ ਜਿਹੇ ਹਨ, ਜਿਨ੍ਹਾਂ ਦੇ ਬੱਚੇ ਨ੍ਹੀਂ ਹੋਏ। ਤੁਸੀਂ ਉਹਨਾਂ ਦੇ ਘਰ ਵਿਚ ਚਿਰਾਗ਼ ਬਾਲ੍ਹ ਦਿਓਗੇ?" ਸ਼ਰਧਾ ਰਾਮ ਨੇ ਵਿਗਿਆਨੀ ਨੂੰ ਘੇਰਨਾ ਚਾਹਿਆ ਹੈ।

"ਦਰਅਸਲ ਕਲੋਨ ਦੀ ਖੋਜ ਅਜਿਹੇ ਲੋੜਵੰਦ ਮਾਪਿਆਂ ਲਈ ਹੋਈ ਹੈ।" ਡਾ. ਬਾਠ ਨੇ ਕਲੋਨ ਦੀ ਮਹੱਤਤਾ ਬਾਰੇ ਦੱਸਿਆ ਹੈ।

“ਇਹ ਸੰਭਵ ਹੈ ਜੀ?” ਬੈਂਕ ਮੁਲਾਜ਼ਮ ਪੁਨੀਤ ਅਜੇ ਵੀ ਸ਼ੰਕਾ ਵਿਚ ਹੈ।

“ਅਮਰੀਕੀ ਸੰਸਥਾ ਕਲੋਨਾਇਡ ਦੇ ਵਿਗਿਆਨੀਆਂ ਨੇ ‘ਈਵ’ ਨਾਂ ਦੀ ਕਲੋਨ ਬੇਬੀ ਪੈਦਾ ਕਰਨ ਦਾ ਐਲਾਨ ਕੀਤਾ ਸੀ ਪਰ ਸਰਕਾਰਾਂ ਨੇ ਮਨੁੱਖੀ ਕਲੋਨ ਬਣਾਉਣ ’ਤੇ ਪਾਬੰਦੀ ਲਾ ਦਿੱਤੀ ਏ।” ਬਾਠ ਸਾਹਿਬ ਨੇ ਬੋਲ ਕੇ ਕਲੋਨ ਦੀ ਵਿਧੀ ਸਮਝਾਉਣ ਲਈ ਪਰਦੇ ਵੱਲ ਮੂੰਹ ਕੀਤਾ ਹੈ। ਉਹ ਮੁੜ ਸਰੋਤਿਆਂ ਨੂੰ ਸੰਬੋਧਨ ਹੋਇਆ ਹੈ।

“ਆਉਣ ਵਾਲੇ ਸਾਲਾਂ ਵਿਚ ਵੱਡੇ ਸ਼ਹਿਰਾਂ ਵਿਚ ਪ੍ਰਯੋਗਸ਼ਾਲਾਵਾਂ ਖੁੱਲ੍ਹ ਜਾਣਗੀਆਂ, ਜਿਥੋਂ ਤੁਸੀਂ ਆਪਣੇ ਮਨਪਸੰਦ ਦੇ ਬੇਬੀ ਦੀ ਪੈਦਾਇਸ਼ ਕਰਵਾ ਸਕਦੇ ਹੋ। ਬੇਬੀ ਦੇ ਵਾਲਾਂ ਦਾ ਰੰਗ, ਉਸਦੇ ਨੈਣ-ਨਕਸ਼, ਕੱਦ... ਤੁਹਾਡੀ ਚੁਆਇਸ ਹੋਏਗੀ।” ਏ. ਐਸ. ਬਾਠ ਨੇ ਸਹਾਇਕ ਨੂੰ ਪ੍ਰੋਜੈਕਟਰ ’ਤੇ ਲਾਉਣ ਲਈ ਸੀਡੀ ਦਿੱਤੀ ਹੈ।

“ਸਰ ਕਲੋਨਿੰਗ ਨਾਲ ਮਨੁੱਖ ਦੇ ਨਿਵੇਕਲੇਪਣ ਦਾ ਵਿਨਾਸ਼ ਨ੍ਹੀਂ ਹੋ ਜਾਵੇਗਾ? ਇਹ ਖਰੀਦੀ ਜਾਂ ਵੇਚੀ ਜਾ ਸਕਣ ਵਾਲੀ ਮਨੁੱਖੀ ਜਾਇਦਾਦ ਬਰਾਬਰ ਨ੍ਹੀਂ ਹੋ ਜਾਵੇਗਾ?” ਟੈਲੀਫੋਨ ਮਹਿਕਮੇ ਦਾ ਐਸ ਡੀ ਓ ਤਸਵੀਰ ਸਿੰਘ ਨੂੰ ਮਨੁੱਖੀ ਕਦਰਾਂ ਕੀਮਤਾਂ ਦੇ ਘਾਣ ਹੋ ਜਾਣ ਦਾ ਡਰ ਲੱਗ ਰਿਹਾ ਹੈ।

“ਇਸ ਨਾਲ ਲੋਕਾਂ ਵਿੱਚੋਂ ਪਿਆਰ, ਜਜ਼ਬਾਤ ਤੇ ਮਨੁੱਖਤਾ ਅਲੋਪ ਹੋ ਜਾਣਗੇ।” ਸਕੂਲ ਅਧਿਆਪਿਕਾ ਰਵਦੀਪ ਨੇ ਵੀ ਚਿੰਤਾ ਜ਼ਾਹਰ ਕੀਤੀ ਹੈ।

“ਤੁਸੀਂ ਸਾਰੇ ਪੜ੍ਹੇ ਲਿਖੇ ਹੋ। ਵਿਗਿਆਨ ਦੇ ਚੰਗੇ ਮਾੜੇ ਦਾ ਨਿਰਣਾ ਕਰ ਸਕਦੇ ਹੋ ਕਿ ਤੁਸੀਂ ਕੀ ਰੱਖਣਾ ਹੈ ਤੇ ਕੀ ਛੱਡਣਾ ਹੈ। ਵਿਗਿਆਨ ਨੇ ਦੁਨੀਆਂ ਨੂੰ ਚਾਨਣ ਦਿੱਤਾ ਹੈ। ਤੁਹਾਨੂੰ ਅੱਖਾਂ ਦਿੱਤੀਆਂ ਹਨ।” ਬਾਠ ਸੋਚ ਸੋਚ ਕੇ ਬੋਲ ਰਿਹਾ ਹੈ।

“ਸਰਦਾਰ ਅਰਜਨ ਸਿੰਘ ਜੀ, ਕਿਉਂ ਗੱਪਾਂ ਛੱਡੀ ਜਾਂਦੇ ਓ? ... ਭਾਵੇਂ ਧਰਤੀ ’ਤੇ ਪਰਲੋ ਆ ਜਾਵੇ ਤਾਂ ਵੀ ਤੁਹਾਡੀ ਮੁਰਾਦ ਪੂਰੀ ਨ੍ਹੀਂ ਹੋਣੀ।” ਸਰਧਾ ਰਾਮ ਦੀਆਂ ਮੱਖੀ ਮੁੱਛਾਂ ਗੁੱਸੇ ਵਿਚ ਉਪਰ ਥੱਲੇ ਹੋਈਆਂ ਹਨ।

“...ਉੱਠੋ ਬਈ, ਇਸ ਝੂਠੇ ਤੇ ਮਨਮੁਖ ਬੰਦੇ ਦੇ ਕੂੜ ਪ੍ਰਚਾਰ ਮਗਰ ਨ੍ਹੀਂ ਲਗਣਾ ਚਾਹੀਦਾ। ਜਿਹੜੀ ਗੱਲ ਹੋਏ ਨ੍ਹੀਂ ਸਕਦੀ, ਉਹ ਸੁਣਨੀ ਕਿਉਂ ਐ?” ਸਰਪੰਚ ਪ੍ਰਗਟ ਸਿੰਘ ਉੱਚੀ-ਉੱਚੀ ਬੋਲਦਾ ਤੁਰ ਪਿਆ ਹੈ।

ਏ. ਐਸ. ਬਾਠ ਦੇ ਚਿਹਰੇ ਦਾ ਰੰਗ ਉੱਡ ਗਿਆ ਹੈ। ਸਰਪੰਚ ਦੇ ਮਗਰ ਹੀ ਬਾਕੀ ਔਰਤਾਂ ਮਰਦ ਵੀ ਉੱਠ ਪਏ ਹਨ। ਬਾਠ, ਉਸਦਾ ਸਹਾਇਕ, ਬਲਰਾਜ ਸਿੰਘ ਤੇ ਪੰਜ ਸੱਤ ਨੌਜਵਾਨ ਹੀ ਹਾਲ ਵਿਚ ਰਹਿ ਗਏ ਹਨ। ਉਹ ਪ੍ਰੇਸ਼ਾਨ ਹੋ ਉੱਠਿਆ ਹੈ।... ਸਹਾਇਕ ਨੇ ਉਸ ਨੂੰ ਪਾਣੀ ਪਿਲਾਇਆ ਹੈ। ਇਹ ਵਲੈਤੀਆ ਬੰਦਾ ਹੈ। ਜਲਦੀ ਹੀ ਸੰਭਲ ਗਿਆ ਹੈ।

“ਦੋਸਤੋ, ਆਪਣੇ ਲੋਕ ਤਰੱਕੀ ਨ੍ਹੀਂ ਕਰ ਸਕਦੇ। ਸਾਡਾ ਮੁਲਕ ਯੂਰਪ ਤੋਂ ਸੌ ਸਾਲ ਪਿੱਛੇ ਹੋਣਾ। ਮੈਂ ਤੁਹਾਨੂੰ ਇਕ ਘਟਨਾ ਸੁਣਾਉਣੀ ਚਾਹੁੰਨਾ-

ਭਾਰਤ ਵਿਚ ਸਾਇਕਲ ਅੰਗਰੇਜ਼ ਹਕੂਮਤ ਵੇਲੇ ਵੱਡੇ ਸ਼ਹਿਰਾਂ ਵਿਚ ਆ ਗਏ ਸਨ। ਪਿੰਡਾਂ ਵਿਚ ਤਾਂ ਕਿਸੇ ਰੱਜੇ ਪੁੱਜੇ ਦੋ ਚਾਰ ਘਰਾਂ ਵਿਚ ਹੀ ਹੁੰਦੇ ਸਨ। ਫੇਰ ਹੌਲੀ ਹੌਲੀ ਲੋਕ ਸਾਇਕਲ ਲੈਣ ਲੱਗੇ ਪਰ ਆਮ ਆਦਮੀ ਦੀ ਪਹੁੰਚ ਤੋਂ ਬਾਹਰ ਹੀ ਰਹੇ। 1960 ਤੱਕ ਸਾਡੇ ਪਿੰਡ ਜਾਂ ਕਿਤੇ ਆਲੇ ਦੁਆਲੇ ਦੇ ਲੋਕਾਂ ਨੇ ਕੋਈ ਔਰਤ ਸਾਇਕਲ ਚਲਾਉਂਦੀ ਨਹੀਂ ਸੀ ਦੇਖੀ। ਸਾਡੇ ਪਿੰਡ ਸਕੂਲ ਨਹੀਂ ਸੀ ਹੁੰਦਾ। ਉਦੋਂ ਅਸੀਂ ਆਪਣੇ ਨਾਲ ਦੇ ਪਿੰਡ ਬੀਬੀਪੁਰ ਦੇ ਸਰਕਾਰੀ ਪ੍ਰਾਇਮਰੀ ਸਕੂਲ ਵਿਚ ਪੜ੍ਹਨ ਜਾਂਦੇ ਹੁੰਦੇ ਸੀ। ਉਥੇ ਰਾਮਗੜ੍ਹ ਤੋਂ ਪੰਡਿਤ ਛੱਜੂ ਮੱਲ ਦੀ ਨੂੰਹ ਪੜ੍ਹਾਉਣ ਆਉਂਦੀ ਹੁੰਦੀ ਸੀ। ਸਾਡੀ ਇਸ ਭੈਣ ਜੀ ਦਾ ਨਾਂ ਕ੍ਰਿਸ਼ਨਾ ਦੇਵੀ ਸੀ। ਉਹ ਬਹੁਤ ਮਿਹਨਤੀ ਅਧਿਆਪਿਕਾ ਸੀ। ਉਹ ਹਰ ਰੋਜ਼ ਨਹਿਰ ਦੀ ਪਟੜੀ ’ਤੇ ਪੈਦਲ ਲਾਉਂਦੀ ਤੇ ਤੁਰ ਕੇ ਹੀ ਵਾਪਸ ਜਾਂਦੀ। ਇਕ ਦਿਨ ਪਿੰਡ ਵਿਚ ਰੌਲਾ ਪੈ ਗਿਆ ਕਿ ਰਾਮਗੜ੍ਹ ਵਾਲੀ ਭੈਣਜੀ ਸਾਇਕਲ ’ਤੇ ਸਕੂਲ ਗਈ ਹੈ। ਉਸ ਦਿਨ ਮੈਂ ਪੜ੍ਹਨ ਸਕੂਲ ਨਹੀਂ ਸੀ ਗਿਆ। ਦੁਪਹਿਰ ਵੇਲੇ ਵਡੇਰੀ ਉਮਰ ਦੇ ਬੰਦੇ ਪਿੰਡ ਦੇ ਦਰਵਾਜ਼ੇ ਕੋਲ ਬੈਠੇ ਬਹਿਸ ਕਰਦੇ ਰਹੇ ਕਿ ਗੱਲ ਸੱਚੀ ਹੈ ਜਾਂ ਝੂਠੀ? ਉਨ੍ਹਾਂ ਵਿਚ ਬਜ਼ੁਰਗ ਭਗਤਾ ਵੀ ਬੈਠਾ ਸੀ। ਉਹ ਅੱਖਾਂ ਤੋਂ ਬਿਲਕੁਲ ਅੰਨ੍ਹਾ ਸੀ। ਉਹਨੂੰ ਸਵੇਰੇ ਉਹਦਾ ਪੋਤਾ ਦਰਵਾਜ਼ੇ ਛੱਡ ਜਾਂਦਾ ਤੇ ਸ਼ਾਮਾਂ ਢਲੀਆਂ ਤੇ ਵਾਪਸ ਘਰ ਲੈ ਜਾਂਦਾ। ਜਦੋਂ ਸਕੂਲ ਵਿਚ ਛੁੱਟੀ ਦਾ ਟਾਇਮ ਹੋਇਆ, ਬਾਬੇ ਭਗਤੇ ਨੂੰ ਛੱਡ ਕੇ ਬਾਕੀ ਸਾਰਾ ਪਿੰਡ ਭੈਣਜੀ ਕ੍ਰਿਸ਼ਨਾ ਨੂੰ ਦੇਖਣ ਲਈ ਨਹਿਰ ਦੇ ਪੁਲ ’ਤੇ ਜਾ ਖੜ੍ਹਾ ਹੋਇਆ। ਲੋਕ ਕੀ ਵੇਖਦੇ ਹਨ? ਦੂਰੋਂ ਇਕ ਸਾਇਕਲ ਨਜ਼ਰੀਂ ਪਿਆ। ਉਹਦੇ ਉੱਤੇ ਔਰਤ ਬੈਠੀ ਹੋਈ ਸੀ। ਉਹ ਹੌਲੀ ਹੌਲੀ ਪੁਲ ਵੱਲ ਆ ਰਹੀ ਸੀ। ਮੈਂ ਆਪਣੀ ਭੈਣ ਜੀ ਨੂੰ ਦੇਖ ਕੇ ਓਹਲੇ ਹੋ ਗਿਆ। ਉਹ ਐਨਾ ਮੁਲੱਖ ਦੇਖ ਕੇ ਘਬਰਾ ਗਈ। ਉਹਦੇ ਸਾਇਕਲ ਨੇ ਝੋਲ ਖਾਧਾ। ਉਹ ਡਿੱਗਣ ਲੱਗੀ ਸੀ ਪਰ ਸੰਭਲ ਗਈ। ਉਹ ਅੱਧਾ ਪੈਡਲ ਮਾਰਦੀ ਸੀ। ਉਸ ਤੋਂ ਪੂਰੀ ਗਰਾਰੀ ਨਹੀਂ ਸੀ ਘੁੰਮਦੀ। ਉਹ ਲੋਕਾਂ ਵੱਲ ਬਿਨਾਂ ਦੇਖੇ,

ਮੁਸਕਰਾਉਂਦੀ ਲੰਘ ਗਈ। ਉਹਦੇ ਅੰਦਰਲੀ ਘਬਰਾਹਟ ਉਹਦੇ ਚਿਹਰੇ 'ਤੇ ਸਾਫ਼ ਝਲਕਦੀ ਸੀ। ਔਰਤਾਂ-ਮਰਦਾਂ ਨੇ ਮੂੰਹਾਂ ਵਿਚ ਉਂਗਲਾਂ ਪਾਈਆਂ ਹੋਈਆਂ ਸਨ। ਮਰਦ ਔਰਤਾਂ ਬਾਰੇ ਗੱਲਾਂ ਕਰਦੇ-ਕਰਦੇ ਪਿੰਡ ਦੇ ਵੱਡੇ ਦਰਵਾਜ਼ੇ ਜਾ ਕੇ ਬਹਿ ਗਏ ਸਨ। ਬਾਬਾ ਭਗਤਾ ਭੈਣ ਜੀ ਕ੍ਰਿਸ਼ਨਾ ਵਲੋਂ ਸਾਇਕਲ ਚਲਾਉਣ ਬਾਰੇ ਜਾਣਨ ਲਈ ਕਾਹਲਾ ਸੀ।

"ਤਾਇਆ ਸੱਚੀ ਗੱਲ ਆ।" ਬਾਬੇ ਨੂੰ ਚਾਚੇ ਮੁਣਸ਼ੇ ਨੇ ਕਿਹਾ ਸੀ।

"ਸੌਰੀ ਦਿਓ, ਤੁਸੀਂ ਸਾਰੇ ਕੁਫ਼ਰ ਤੋਲਦੇ ਹੋ। ਕਦੇ ਜ਼ਨਾਨੀ ਵੀ ਸਾਇਕਲ ਚਲਾ ਸਕਦੀ ਆ? ਮੇਰੀ ਉਮਰ ਸੌ ਤੋਂ ਦੋ ਸਾਲ ਟੱਪ ਗਈ ਏ। ਪਹਿਲਾਂ ਕਦੇ ਇੱਦਾਂ ਹੋਇਆ ਨ੍ਹੀਂ। ਹੁਣ ਕਿੱਦਾਂ ਹੋ ਜੂ?" ਬਾਬੇ ਭਗਤੇ ਨੇ ਜ਼ੋਰ ਨਾਲ ਧਰਤੀ 'ਤੇ ਢਾਂਗੂੰ ਮਾਰਿਆ ਤੇ ਢਾਂਗੂੰ ਦੇ ਸਹਾਰੇ ਉਥੋਂ ਤੁਰ ਪਿਆ ਸੀ।

ਇਹ ਘਟਨਾ ਸੁਣਾਉਣ ਤੋਂ ਬਾਅਦ ਡਾ. ਏ. ਐਸ. ਬਾਠ ਦੇ ਚਿਹਰੇ 'ਤੇ ਚਿੰਤਾ ਦੀਆਂ ਰੇਖਾਵਾਂ ਡੂੰਘੀਆਂ ਹੋ ਗਈਆਂ ਹਨ। ਉਹਨੂੰ ਸ਼ਰਧਾ ਰਾਮ ਤੇ ਸਰਪੰਚ ਪ੍ਰਗਟ ਸਿੰਘ ਵਰਗੇ ਬੰਦੇ ਅੰਨ੍ਹੇ ਲੱਗੇ ਹਨ ਜੋ ਵਿਗਿਆਨ ਦੀਆਂ ਖੋਜਾਂ ਦਾ ਵਿਰੋਧ ਕਰ ਰਹੇ ਹਨ।

"ਵਿਗਿਆਨ ਹੀ ਮਨੁੱਖ ਦਾ ਸਭ ਤੋਂ ਵੱਡਾ ਤੇ ਸੱਚਾ ਦੋਸਤ ਹੈ। ਉਸਦਾ ਅੰਨ੍ਹਿਆਂ ਵਾਂਗ ਵਿਰੋਧ ਨਹੀਂ ਕਰਨਾ ਚਾਹੀਦਾ।" ਉਹ ਇਹ ਗੱਲ ਕਹਿ ਕੇ ਆਪਣੇ ਬੈੱਡ ਰੂਮ ਵਿਚ ਚਲਾ ਗਿਆ ਹੈ।

ਉਹ ਬੈੱਡ 'ਤੇ ਪਿਆ, ਸਮੁੰਦਰ ਉੱਤੇ ਬਣੇ ਸ਼ਹਿਰ ਅਤੇ ਉਥੋਂ ਵਾਲੀ ਪ੍ਰਯੋਗਸ਼ਾਲਾ ਵਿਚ ਖੁਭਿਆ ਪਿਆ ਸੀ। ਉਸਦਾ ਧਿਆਨ ਪ੍ਰਯੋਗਸ਼ਾਲਾ ਵਲੋਂ ਟੁੱਟ ਕੇ ਕਿਤਾਬਾਂ ਦੇ ਰੈਕ 'ਤੇ ਗਿਆ ਹੈ। ਉਸਨੂੰ ਐਚ. ਜੀ. ਵੈਲਜ ਦੀ ਕਹਾਣੀ 'ਦਾ ਕੌਨਟਰੀ ਆਫ ਬਲਾਈਂਡ' ਯਾਦ ਆਈ ਹੈ।

"ਇਸ ਕਹਾਣੀ ਦਾ ਮੁੱਖ ਪਾਤਰ ਨੂਨੇਜ਼ ਇਕ ਅਜਿਹੇ ਦੇਸ਼ ਵਿਚ ਪਹੁੰਚ ਜਾਂਦਾ ਹੈ, ਜਿਹੜਾ ਸੰਸਾਰ ਦੇ ਬਾਕੀ ਮੁਲਕਾਂ ਨਾਲੋਂ ਕੱਟਿਆ ਹੋਇਆ ਹੈ ਅਤੇ ਇਸ ਦੇਸ਼ ਦੇ ਸਭ ਵਸਨੀਕਾਂ ਦੇ ਅੱਖਾਂ ਨਹੀਂ ਸਨ। ਨੂਨੇਜ਼ ਉਸ ਦੇਸ਼ ਦਾ ਰਾਜਾ ਬਣਨ ਦਾ ਸੁਪਨਾ ਲੈਣ ਲਗਦਾ ਹੈ ਅਤੇ ਮਦੀਨੋ ਸਰੋਤ ਨਾਂ ਦੀ ਅਤਿ ਸੁੰਦਰ ਲੜਕੀ ਨਾਲ ਪਿਆਰ ਕਰਨ ਲਗਦਾ ਹੈ। ਬਿਨ ਅੱਖਾਂ ਤੋਂ ਇਹ ਲੜਕੀ ਵੀ ਉਸਨੂੰ ਚਾਹੁਣ ਲਗਦੀ ਹੈ। ਨੂਨੇਜ਼ ਜਦੋਂ ਰੋਸ਼ਨੀ, ਅੱਖਾਂ, ਨਿਗ੍ਹਾ ਸੂਰਜ, ਫੁੱਲ੍ਹਾਂ, ਬੱਦਲ, ਤਾਰੇ, ਚਿਹਰਾ, ਬੁੱਲ੍ਹ, ਹੱਥ, ਹਨੇਰੇ... ਦੀ ਗੱਲ ਕਰਦਾ ਹੈ ਤਾਂ ਕਬੀਲੇ ਵਾਲਿਆਂ ਨੂੰ ਅਚੰਭਾ ਲਗਦਾ ਹੈ। ਉਨ੍ਹਾਂ ਲਈ ਇਹ ਨਵੇਂ ਸ਼ਬਦ ਹਨ। ਉਨ੍ਹਾਂ ਨੂੰ ਇਹ ਬੰਦਾ ਅਸਧਾਰਨ ਸ਼ਕਤੀਆਂ ਦਾ ਮਾਲਕ ਲਗਦਾ ਹੈ। ਉਹ ਸੋਚਦੇ ਹਨ ਕਿ ਜੇਕਰ ਇਸ ਨੂੰ ਰਾਜਾ ਬਣਾ ਦਿੱਤਾ ਜਾਵੇ ਤਾਂ ਇਹ ਕਬੀਲੇ ਲਈ ਚੰਗਾ ਹੋਏਗਾ। ਜਦੋਂ ਉਹ ਕਹਿੰਦਾ ਹੈ ਕਿ ਉਹ ਦੇਖ ਸਕਦਾ ਹੈ... ਉਹ ਚੀਜ਼ਾਂ ਨੂੰ ਦੇਖ ਦੇਖ ਦਸਦਾ ਹੈ ਤਾਂ ਕਬੀਲੇ ਵਾਲੇ ਫ਼ੈਸਲਾ ਕਰਦੇ ਹਨ ਕਿ ਜੇਕਰ ਉਹ ਨਾਲ ਵਿਆਹ ਕਰਵਾਉਣਾ ਹੈ ਤਾਂ ਕਬੀਲੇ ਦਾ ਡਾਕਟਰ ਉਸਦੀਆਂ ਅੱਖਾਂ ਦਾ ਉਪਰੇਸ਼ਨ ਕਰਕੇ ਉਸਦੀ ਨਿਗ੍ਹਾ ਖਤਮ ਕਰ ਦੇਵੇਗਾ। ਲੜਕੀ ਦੇ ਪਿਆਰ ਖ਼ਤਿਰ ਉਹ ਇਹ ਕੁਰਬਾਨੀ ਕਰਨ ਲਈ ਤਿਆਰ ਵੀ ਹੋ ਜਾਂਦਾ ਹੈ। ਜਿਸ ਦਿਨ ਉਸਦੀ ਅੱਖਾਂ ਦੀ ਰੋਸ਼ਨੀ ਖੋਹੀ ਜਾਣੀ ਸੀ, ਉਸ ਤੋਂ ਇਕ ਦਿਨ ਪਹਿਲਾਂ ਉਹ ਲੜਕੀ ਦਾ ਸਾਥ ਮਾਣਦਾ ਹੋਇਆ ਡੁੱਬਦੇ ਸੂਰਜ ਨੂੰ ਦੇਖ ਰਿਹਾ ਹੁੰਦਾ ਹੈ। ਕੁਦਰਤ ਦੇ ਇਸ ਨਜ਼ਾਰੇ ਨੂੰ ਦੇਖਦੇ ਸਮੇਂ ਉਸਦਾ ਆਪਣੀ ਪ੍ਰੇਮਿਕਾ ਨਾਲ ਪਿਆਰ ਘਟਣ ਲਗਦਾ ਹੈ ਅਤੇ ਸੂਰਜ ਦੀ ਰੋਸ਼ਨੀ ਦਾ ਜਲਵਾ ਵੱਡਾ ਹੁੰਦਾ ਜਾਂਦਾ ਹੈ। ਉਹ ਅੱਖਾਂ ਦੀ ਨਿਗ੍ਹਾ ਨਾ ਗੁਆਉਣ ਦਾ ਫ਼ੈਸਲਾ ਕਰਦਾ ਹੈ। ਕਬੀਲੇ ਅਤੇ ਪ੍ਰੇਮਿਕਾ ਵੱਲ ਪਿੱਠ ਕਰਕੇ ਰੋਸ਼ਨੀ ਵੱਲ ਮੂੰਹ ਕਰ ਲੈਂਦਾ ਹੈ।"

ਹੁਣ ਡਾ. ਏ. ਐਸ. ਬਾਠ ਸੋਚ ਰਿਹਾ ਹੈ, ਉਹ ਕੀ ਕਰੇ? ਕਿਥੇ ਜਾਵੇ? ਨੂਨੇਜ਼ ਤਾਂ ਕਬੀਲੇ ਵਾਲਿਆਂ ਤੋਂ ਬਚ ਕੇ ਭੱਜ ਆਇਆ ਸੀ। ਉਹ ਆਪਣੀ ਰੋਸ਼ਨੀ ਦਾ ਕੀ ਕਰੇ? ਦੁਨੀਆਂ ਦੇ ਵੱਖ ਵੱਖ ਮੁਲਕਾਂ ਨੇ ਵਿਗਿਆਨ ਦੇ ਖੇਤਰ ਵਿਚ ਬੇਮਿਸਾਲ ਤਰੱਕੀ ਕੀਤੀ ਹੈ ਪਰ ਉਸਦੇ ਆਪਣੇ ਦੇਸ਼ ਦੇ ਬਹੁਤੇ ਵਾਸੀ ਮਦੀਨੋ ਸਰੋਤ ਦੇ ਕਬੀਲੇ ਵਾਂਗ ਜੀਅ ਰਹੇ ਹਨ। ਉਹ ਇਨ੍ਹਾਂ ਸੋਚਾਂ ਵਿਚ ਡੁੱਬਿਆ ਵਾਪਸ ਸਕਾਟਲੈਂਡ ਜਾਣ ਦਾ ਫ਼ੈਸਲਾ ਕਰਦਾ ਹੈ।

ਅਜਮੇਰ ਸਿੱਧੂ ਦੀਆਂ ਕਹਾਣੀਆਂ ਦਾ ਵਿਸ਼ਾ ਵਸਤੂ ਪੰਜਾਬ ਦੇ ਸਮਾਜਕ ਯਥਾਰਥ ਤੋਂ ਲੈ ਕੇ ਬ੍ਰਹਿਮੰਡੀ ਵਿਗਿਆਨ ਤੱਕ ਫੈਲਿਆ ਹੋਇਆ ਹੈ। ਉਨ੍ਹਾਂ ਨੇ ਹਾਸ਼ੀਏ ਤੇ ਧੱਕੇ ਦਲਿਤਾਂ ਅਤੇ ਦਮਿਤਾਂ ਦੀ ਬਾਤ ਪਾਈ ਹੈ। ਉਨ੍ਹਾਂ ਦੀਆਂ ਕਹਾਣੀਆਂ ਵਿੱਚ ਵਿਗਿਆਨਕ ਸੋਚ, ਯਥਾਰਥਵਾਦੀ ਸੋਝੀ, ਮਾਨਵੀ ਸੰਵੇਦਨਾ, ਬੌਧਿਕ ਕਲਪਨਾ ਅਤੇ ਕ੍ਰਾਂਤੀਕਾਰੀ ਚੇਤਨਾ ਇਕੋ ਵੇਲੇ ਨਾਲੋ ਨਾਲ ਮੌਜੂਦ ਰਹਿੰਦੀਆਂ ਹਨ। ਉਨ੍ਹਾਂ ਨਾ ਕੇਵਲ ਪੰਜਾਬੀ ਦੀ ਪ੍ਰਗਤੀਵਾਦੀ ਯਥਾਰਥਵਾਦੀ ਸ਼ੈਲੀ ਦੀ ਕਹਾਣੀ ਵਿੱਚ ਹੀ ਨਵੇਂ ਪ੍ਰਯੋਗ ਕੀਤੇ ਸਗੋਂ ਅਸਲੋ ਨਵੀਂ ਸ਼ੈਲੀ ਦੀ ਵਿਗਿਆਨਕ ਗਲਪ ਵੀ ਲਿਖੀ। ਉਨ੍ਹਾਂ ਦੀ ਵਾਰਤਕ ਸ਼ੈਲੀ ਕਮਾਲ ਹੈ, ਜਿਸ ਵਿੱਚ ਤੱਥਗਰੱਤ ਜਾਣਕਾਰੀ, ਇਤਿਹਾਸਕ ਬੋਧ ਅਤੇ ਸੁੰਦਰ ਸ਼ਬਦ ਚੋਣ ਹੁੰਦੀ ਹੈ।

ਰਿੰਨੀ ਪਿੱਰਾ

ਡਾ. ਦੇਵਿੰਦਰ ਪਾਲ ਸਿੰਘ

ਯੂਨਾਇਟਡ ਰੋਬੋਟੈਕ ਦੇ ਹੈੱਡ-ਆਫਿਸ ਵਿਚ ਅੱਜ ਖੁਸ਼ੀ ਤੇ ਉਤਸੁਕਤਾ ਦਾ ਮਾਹੌਲ ਸੀ। ਹੋਵੇ ਵੀ ਕਿਉਂ ਨਾ? ਕੰਪਨੀ ਦੀ ਨਵੀਂ ਮੈਨੇਜਿੰਗ ਡਾਇਰੈਕਟਰ ਮਿਸ ਰੂਹੀ ਨਿਓਈ ਜੁ ਆ ਰਹੀ ਸੀ। ਅਹਿਮਦਾਬਾਦ ਦੇ ਵਿਸ਼ਵ ਪ੍ਰਸਿੱਧ 'ਇੰਸਟੀਚਿਊਟ ਆਫ ਮੈਨੇਜ਼ਮੈਂਟ ਤੋਂ ਸਿੱਖਿਆ ਪ੍ਰਾਪਤ 32 ਸਾਲਾ ਰੂਹੀ ਵਿਲੱਖਣ ਪ੍ਰਤਿਭਾ ਦੀ ਮਾਲਕ ਸੀ। ਛੋਟੀ ਉਮਰ ਵਿਚ ਹੀ ਉਸ ਨੂੰ, ਮੈਨੇਜਮੈਂਟ ਦੇ ਖੇਤਰ ਅੰਦਰ, ਅੰਤਰ-ਰਾਸ਼ਟਰੀ ਮਾਨਤਾ ਪ੍ਰਾਪਤ ਹੋ ਚੁੱਕੀ ਸੀ। ਹੋਰ ਤਾਂ ਹੋਰ, ਉਹ ਸੁਘੜਤਾ ਤੇ ਸਵੈ-ਵਿਸ਼ਵਾਸ ਦੀ ਮਿਸਾਲ ਵਜੋਂ ਵੀ ਮਸ਼ਹੂਰ ਸੀ।

ਪ੍ਰੋਫੈਸ਼ਨ ਸੰਬੰਧੀ ਡੂੰਘੇ ਸਮਰਪਣ ਕਾਰਣ ਹੀ ਰੂਹੀ ਨੇ ਅਜੇ ਤਕ ਵਿਆਹ ਵੀ ਨਹੀਂ ਸੀ ਕਰਵਾਇਆ। ਵੈਸੇ ਉਸ ਵਰਗੀ ਸੋਹਣੀ-ਸੁਨੱਖੀ, ਸਿਆਣੀ ਤੇ ਕਮਾਊ ਮੁਟਿਆਰ ਲਈ ਰਿਸ਼ਤਿਆ ਦੀ ਘਾਟ ਨਹੀਂ ਸੀ। ਰਿਸ਼ਤੇ ਲਈ ਚਾਹਵਾਨ ਤਾਂ ਪਿੱਛੇ ਪਿੱਛੇ ਤੁਰੇ ਫਿਰਦੇ ਸਨ ਉਸ ਦੇ..... ਪਰ ਉਹ ਸੀ ਕਿ ਉਸ ਦੇ ਮਨ ਨੂੰ ਕੋਈ ਭਾਇਆ ਹੀ ਨਹੀਂ ਸੀ ਅਜੇ ਤਕ। ਉਸ ਦੀ ਪਿਆਰੀ ਸਹੇਲੀ ਰਾਇਸ਼ਾ ਵੀ ਉਸ ਨੂੰ ਕਈ ਵਾਰ ਸਮਝਾ ਥੱਕੀ ਸੀ ਕਿ ਜੀਵਨ ਸਾਥੀ ਦੀ ਚੋਣ ਸਮੇਂ ਸਿਰ ਕਰ ਲੈਣੀ ਹੀ ਠੀਕ ਰਹਿੰਦੀ ਹੈ। ਪਰ ਹਰ ਵਾਰ ਉਸ ਦਾ ਇਹੋ ਹੀ ਉੱਤਰ ਹੁੰਦਾ, 'ਸਮਾਂ ਹੈ ਕਿੱਥੇ ਅਜਿਹੇ ਫਾਲਤੂ ਕੰਮਾਂ ਲਈ। ਅਜੇ ਤਾਂ ਮੈਂ ਆਪਣੇ ਪ੍ਰੋਫੈਸ਼ਨ ਵਿਚ ਬਹੁਤ ਕੁਝ ਕਰਨਾ ਹੈ। ਅਛੂੰਹ ਬੁਲੰਦੀਆਂ ਨੂੰ ਛੂੰਹਣਾ ਹੈ। ਲੋਹਾ ਮੰਨਵਾਉਣਾ ਹੈ ਦੁਨੀਆਂ ਨੂੰ, ਆਪਣੀ ਖਾਸੀਅਤ ਦਾ.....'

ਰਾਇਸ਼ਾ ਦੇ ਬਹੁਤ ਵਧੇਰੇ ਜ਼ੋਰ ਦੇਣ ਉੱਤੇ ਉਸ ਦਾ ਜਵਾਬ ਹੁੰਦਾ 'ਚੱਲ ਠੀਕ ਏ। .....ਕਦੇ ਵਿਹਲ ਮਿਲੀ ਤਾਂ ਸੋਚਾਂਗੀ।..... ਅਜੇ ਅਜਿਹਾ ਵੀ ਤਾਂ ਕੋਈ ਨਹੀਂ ਮਿਲਿਆ ਜੋ ਮਨ ਦੀਆਂ ਤਰਬਾਂ ਨੂੰ ਛੂਹ ਸਕੇ।'

ਪ੍ਰੋਫੈਸ਼ਨ ਸੰਬੰਧੀ ਅਤਿ ਦਰਜੇ ਦੇ ਸਮਰਪਣ ਕਾਰਣ ਹੀ ਤਾਂ ਯੂਨਾਇਟਡ ਰੋਬੋਟੈਕ ਨੇ ਉਸ ਦੀ ਖਾਸ ਤੌਰ ਉੱਤੇ ਚੋਣ ਕੀਤੀ ਸੀ, ਮੈਨੇਜਿੰਗ ਡਾਇਰੈਕਟਰ (ਐਮ. ਡੀ.) ਦੇ ਚੁਣੌਤੀਪੂਰਣ ਅਹੁਦੇ ਲਈ।

*****

ਕੰਪਨੀ ਦੇ ਦਫ਼ਤਰ ਵਿਖੇ ਨਵੇਂ ਐਮ. ਡੀ. ਦੀ ਆਮਦ ਬਾਰੇ ਹਰ ਕੋਈ ਉਤਸੁਕਤਾ ਭਰੀ ਉਡੀਕ ਵਿਚ ਸੀ ਸਿਵਾਏ ਐਮ. ਡੀ. ਦੇ ਨਿੱਜੀ ਸਕੱਤਰ ਰੂਬਨ ਦੇ। ਜੋ ਮੌਜੂਦਾ ਮਾਹੌਲ ਤੋਂ ਅਣਭਿੱਜ ਆਪਣੇ ਰੋਜ਼-ਮਰ੍ਹਾ ਦੇ ਕੰਮਾਂ ਵਿਚ ਮਸਰੂਫ਼ ਸੀ।

ਜਿਵੇਂ ਹੀ ਮਿਸ ਰੂਹੀ ਦੀ ਕਾਰ ਕੰਪਨੀ ਦੇ ਮੇਨ-ਗੇਟ ਸਾਹਮਣੇ ਆ ਕੇ ਰੁਕੀ, ਸਮੂਹ ਸਟਾਫ ਹੱਥਾਂ ਵਿਚ ਗੁਲਦਸਤੇ ਫੜੀ ਸਵਾਗਤ ਲਈ ਲਾਮਬੰਦ ਸੀ। ਸੱਭ ਤੋਂ ਪਹਿਲਾਂ ਕੰਪਨੀ ਦੀ ਚੇਅਰ ਪਰਸਨ ਮਿਸਿਜ਼ ਈਰਾ ਅੰਬਾਨੀ ਨੇ ਮਿਸ ਰੂਹੀ ਨੂੰ ਗੁਲਸਦਤਾ ਭੇਂਟ ਕਰਦਿਆਂ 'ਜੀ ਆਇਆ'ਆਖਿਆ ਤੇ ਫਿਰ ਇਕ ਇਕ ਕਰਕੇ ਸਾਰਿਆਂ ਨਾਲ ਤੁਆਰਫ ਕਰਾਉਣ ਲੱਗੀ।

ਰੂਹੀ ਖੁਸ਼ ਸੀ। ਵਧਾਈ ਕਬੂਲਦਿਆਂ ਤੇ ਗੁਲਦਸਤੇ ਸਵੀਕਾਰ ਕਰਦਿਆਂ ਉਹ ਬਾਗੋ-ਬਾਗ ਸੀ। ਹੁਣ ਉਹ ਤੁਆਰਫ਼ ਦੇ ਆਖਰੀ ਪੜ੍ਹਾਅ ਉੱਤੇ ਸੀ।

'ਤੇ ਇਹ ਹੈ ਤੁਹਾਡਾ ਨਿੱਜੀ ਸਕੱਤਰ, ਰੂਬਨ।'ਕਤਾਰ ਵਿਚ ਸੱਭ ਤੋਂ ਆਖਰ ਵਿਚ ਖੜ੍ਹੇ ਗੋਰੇ ਰੰਗ, ਲੰਮੇ ਕੱਦ ਤੇ ਹਲਕੀਆਂ ਨੀਲੀਆਂ ਅੱਖਾਂ ਵਾਲੇ ਨੋਜੁਆਨ ਵੱਲ ਇਸ਼ਾਰਾ ਕਰਦੇ ਹੋਏ ਮਿਸਿਜ਼ ਅੰਬਾਨੀ ਦੇ ਬੋਲ ਸਨ।

ਰੂਹੀ ਇਕ ਪਲ ਤਾਂ ਉਸ ਨੂੰ ਦੇਖਦੀ ਹੀ ਰਹਿ ਗਈ। 'ਬੜੀ ਅਜਬ ਕਸ਼ਿਸ਼ ਹੈ ਇਸ ਦੀਆਂ ਨੀਲੀਆਂ ਅੱਖਾਂ ਵਿਚ।'ਉਸ ਦੇ ਮਨ ਦਾ ਫੁਰਨਾ ਸੀ।

ਤੇ ਫਿਰ ਹੌਲੇ ਹੌਲੇ ਉਸ ਨੇ ਆਪਣਾ ਸੱਜਾ ਹੱਥ ਅੱਗੇ ਵਧਾਇਆ।

'ਹਾਇ!' ਰੂਹੀ ਦੇ ਆਪਮੁਹਾਰੇ ਬੋਲ ਸਨ।

'ਰੂਬਨ! ਇਹ ਹੈ ਤੇਰੀ ਨਵੀਂ ਬੌਸ, ਮਿਸ ਰੂਹੀ ਨਿਓਈ। ਮੈਨੇਜਮੈਂਟ ਦੇ ਖੇਤਰ ਦੀ ਬੇਹਤਰੀਨ ਮਾਹਿਰ। ਆਸ ਹੈ ਇਹ, ਸਾਡੀ ਕੰਪਨੀ ਨੂੰ ਨਵੀਆਂ ਬੁਲੰਦੀਆਂ ਤਕ ਲੈ ਜਾਵੇਗੀ।'

ਰੂਬਨ ਨੇ ਆਪਣੀ ਨਵੀਂ ਬੌਸ ਵੱਲ ਨਿਗਾਹ ਮਾਰੀ.....ਰੂਹੀ ਉਸ ਵੱਲ ਹੀ ਦੇਖ ਰਹੀ ਸੀ। ਰੂਬਨ ਨੂੰ ਝੇਪ ਜਿਹੀ ਮਹਿਸੂਸ ਕੀਤੀ ਪਰ ਉਸ ਨੇ ਹਲਕੀ ਜਿਹੀ ਮੁਸਕਾਨ ਨਾਲ ਆਪਣਾ ਹੱਥ ਅੱਗੇ ਵਧਾ ਦਿੱਤਾ।

ਰੂਹੀ ਦੇ ਹੱਥ ਦੀ ਘੁੱਟਣ ਕੁਝ ਜ਼ਿਆਦਾ ਹੀ ਘੁੱਟਵੀਂ ਸੀ।

ਮਿਸਿਜ਼ ਅੰਬਾਨੀ ਬੋਲ ਰਹੀ ਸੀ, 'ਤੇ ਰੂਬਨ!.....ਰੂਬਨ ਸਾਡੀ ਕੰਪਨੀ ਦਾ ਹੀਰਾ ਹੈ! ਮਿਹਨਤੀ, ਵਫਾਦਾਰ, ਸਿਆਣਾ ਤੇ ਹਾਂ ਸੁਹਣਾ-ਸੁਨੱਖਾ ਵੀ।..... ਤੁਹਾਨੂੰ ਇਸ ਵਲੋਂ ਕਦੇ ਕੋਈ ਸ਼ਿਕਾਇਤ ਦਾ ਮੌਕਾ ਨਹੀਂ ਮਿਲੇਗਾ, ਮਿਸ ਰੂਹੀ।'

'ਥੈਂਕਸ, ਮਿਸਿਜ਼ ਅੰਬਾਨੀ!' ਰੂਬਨ ਨੇ ਮੁਸਕਰਾ ਕੇ ਆਖਿਆ।

'ਅੱਛਾ! ਮਿਸ ਰੂਹੀ! ਬੈਂਸਟ ਵਿਸ਼ਿਜ ਫਾਰ ਜੁਆਇਨਿੰਗ ਯੂਨਾਇਟਡ ਰੋਬੋਟੈਂਕ। ਹੁਣ ਮੈਂ ਚਲਦੀ ਹਾਂ।' ਆਖ ਮਿਸਿਜ਼ ਅੰਬਾਨੀ ਆਪਣੇ ਆਫ਼ਿਸ ਵੱਲ ਤੁਰ ਗਈ।

*****

ਸ਼ੁਰੂ ਸੁਰੂ ਵਿਚ ਤਾਂ ਨਵੇਂ ਅਹੁਦੇ ਦੀਆਂ ਜੁੰਮੇਵਾਰੀਆਂ ਤੇ ਕੰਮ-ਕਾਜੀ ਰੁਝੇਵਿਆਂ ਵਿਚ ਰੂਹੀ ਨੇ ਰੂਬਨ ਵੱਲ ਵਧੇਰੇ ਧਿਆਨ ਨਹੀਂ ਸੀ ਦਿੱਤਾ। ਪਰ ਪਿਛਲੇ ਦੋ ਕੁ ਮਹੀਨਿਆਂ ਤੋਂ ਉਹ ਇਕ ਅਜਬ ਤਬਦੀਲੀ ਮਹਿਸੂਸ ਕਰ ਰਹੀ ਸੀ ਆਪਣੇ ਅੰਦਰ।

ਉਸ ਨੂੰ ਰੂਬਨ ਚੰਗਾ ਚੰਗਾ ਲੱਗਣ ਲੱਗ ਪਿਆ ਸੀ।.....ਆਗਿਆਕਾਰ, ਮਿਹਨਤੀ, ਲਗਨ ਭਰਪੂਰ, ਕਾਰਜ ਕੁਸ਼ਲ ਤੇ ਵਫ਼ਾਦਾਰ ਵੀ। ਕੋਈ ਵੀ ਕੰਮ ਆਖੋ..... ਨਾ ਕਹਿਣਾ ਤਾਂ ਉਸ ਨੇ ਸਿੱਖਿਆ ਹੀ ਨਹੀਂ ਸੀ। ਹਰ ਕੰਮ ਸਹੀ ਤੇ ਸਮੇਂ ਸਿਰ ਕਰਣ ਵਾਲਾ। ਹੌਲੇ ਹੌਲੇ ਉਹ, ਖੁਦ ਨੂੰ, ਉਸ ਉਪਰ ਨਿਰਭਰ ਹੁੰਦਾ ਮਹਿਸੂਸ ਕਰ ਰਹੀ ਸੀ। '..... ਤੇ ਭਲਾ ਬੁਰਾ ਵੀ ਕੀ ਹੈ ਇਸ ਵਿਚ?' ਉਹ ਸੋਚਦੀ।

'ਬੇਸ਼ਕ ਚੁੱਪ-ਚਾਪ ਰਹਿੰਦਾ ਏ। ਕਦੇ ਫਾਲਤੂ ਗੱਲ ਨਹੀਂ ਕਰਦਾ। ਪਰ ਹੈ ਭਰੋਸੇਯੋਗ।..... ਕੋਈ ਭੈੜਾ ਸ਼ੌਂਕ ਵੀ ਨਜ਼ਰ ਨਹੀਂ ਆਉਂਦਾ। ਨਾ ਸਿਗਰਟਨੋਸ਼ੀ, ਨਾ ਸ਼ਰਾਬ ਦਾ ਚਸਕਾ। .....ਤੇ ਹਾਂ ਕਿੰਨਾਂ ਸੁਹਣਾ ਸੁਨੱਖਾ ਹੈ ਉਹ! ਸਟਾਫ਼ ਦੀਆਂ ਕਿੰਨੀਆਂ ਹੀ ਚੰਚਲ ਮੁਟਿਆਰਾਂ ਨੇ ਆਪਣੀਆਂ ਸ਼ੌਖ ਅਦਾਵਾਂ ਨਾਲ ਉਸ ਦਾ ਮਨ ਮੋਹਣ ਦੀ ਕੋਸ਼ਿਸ਼ ਕੀਤੀ ਏ ਪਰ ਅਸਫਲ ਹੀ ਰਹੀਆਂ ਨੇ

ਹੁਣ ਤਕ। ਕਿਸੇ ਦਾ ਵੀ ਜਾਦੂ ਕੰਮ ਨਹੀਂ ਕੀਤਾ ਇਸ ਉੱਤੇ ਅਜੇ ਤਕ।'ਵਿਚਾਰਾਂ ਦੀ ਉਥਲ-ਪੁਥਲ ਰੂਹੀ ਦੇ ਦਿਲੋ-ਦਿਮਾਗ 'ਚ ਲਗਾਤਾਰ ਜਾਰੀ ਸੀ।

ਤੇ ਜਿਵੇਂ ਸਮਾਂ ਬੀਤਦਾ ਗਿਆ ਰੂਹੀ ਖੁਦ ਨੂੰ ਰੂਬਨ ਦੀ ਸਖ਼ਸ਼ੀਅਤ ਦਾ ਕਾਇਲ ਹੁੰਦਾ ਦੇਖ ਰਹੀ ਸੀ। ਦਿਲ ਤੇ ਦਿਮਾਗ ਦੀ ਟੱਕਰ ਵਿਚ ਦਿਲ ਦਾ ਪਲੜਾ ਭਾਰੀ ਹੁੰਦਾ ਜਾ ਰਿਹਾ ਸੀ।

ਤਦ ਹੀ ਇਕ ਦਿਨ, ਰੋਜ਼ਾਨਾ ਗੱਲਬਾਤ ਤੋਂ ਪਰ੍ਹੇ ਹਟ ਉਹ ਬੋਲੀ:

'ਰੂਬਨ!'

'ਜੈੱਸ ਮੈਡਮ!'

'ਅੱਜ ਮਨ ਨਹੀਂ ਹੈ ਕੰਮ ਕਰਨ ਨੂੰ।'

'ਜੀ!'

'ਇੰਝ ਕਰ, ਇਨ੍ਹਾਂ ਫਾਇਲਾਂ ਉੱਤੇ ਕਿਸੇ ਵੇਲੇ ਨਜ਼ਰ ਮਾਰ ਛੱਡੀ ਤੇ ਭਲਕੇ ਮੈਨੂੰ ਦਿਖਾ ਦੇਈਂ।'ਮੇਜ਼ ਉੱਤੇ ਪਈਆਂ ਫਾਇਲਾਂ ਵੱਲ ਇਸ਼ਾਰਾ ਕਰਦਿਆਂ ਰੂਹੀ ਦੇ ਬੋਲ ਸਨ।

'ਜੀ, ਮੈਡਮ!'

'ਤੇ ਅੱਜ ਕੰਮ ਦੀ ਥਾਂ, ਥੋੜ੍ਹੀ ਗਪਸ਼ਪ ਹੋ ਜਾਏ।'

'ਕੀ ਮੈਡਮ?' ਰੂਬਨ ਦੇ ਹੈਰਾਨੀ ਭਰੇ ਬੋਲ ਸਨ।

'ਕੋਈ ਕੰਮ ਨਹੀਂ ਸਿਰਫ਼ ਗਪਸ਼ਪ!' ਰੂਬਨ ਦੇ ਚਿਹਰੇ ਉੱਤੇ ਉਲਝਣ ਭਰਿਆ ਪ੍ਰਭਾਵ ਦੇਖ ਰੂਹੀ ਬੋਲੀ।

'ਕੰਮ ਨਹੀਂ?.....ਗਪਸ਼ਪ?.....ਜੀ ਮੈਡਮ!'

'ਖੁਬ ਮਿਹਨਤੀ ਏਂ ਤੂੰ!'

'ਥੈਂਕਸ ਮੈਡਮ!'

'ਕੰਪਨੀ ਬਾਰੇ ਕੀ ਰਾਏ ਏ ਤੇਰੀ?'

'ਬਹੁਤ ਵਧੀਆ ਹੈ ਇਹ, ਮੈਡਮ! ਮੈਨੂੰ ਇਥੇ ਕੰਮ ਕਰਨਾ ਚੰਗਾ ਲੱਗਦਾ ਏ।'

'ਅੱਛਾ! ਕਿੰਨੇ ਕੁ ਚਿਰ ਤੋਂ ਤੂੰ ਇਥੇ ਏ?'

'ਇਕ ਸਾਲ ਛੇ ਮਹੀਨੇ ਤੇਰ੍ਹਾਂ ਦਿਨ ਤੇ ਚਾਰ ਘੰਟੇ, ਮੈਡਮ!'

'ਵਾਹ! ਤੂੰ ਤਾਂ ਘੰਟਿਆਂ ਤਕ ਦਾ ਹਿਸਾਬ ਕਿਤਾਬ ਵੀ ਯਾਦ ਰੱਖਿਆ ਹੋਇਆ ਹੈ।'

'ਜੀ ਮੈਡਮ! ਕਿਉਂ ਕਿ ਇਸ ਵੇਲੇ ਦੁਪਿਹਰ ਦੇ ਦੋ ਵੱਜ ਚੁੱਕੇ ਨੇ।'

'ਜਾਪਦੇ ਤੈਨੂੰ ਗਿਣਤੀਆਂ ਮਿਣਤੀਆਂ ਨਾਲ ਖਾਸ ਮੋਹ ਹੈ।'

'ਮੋਹ?.....ਜੀ ਮੈਡਮ!'

'ਤੈਨੂੰ ਕੀ ਚੰਗਾ ਲੱਗਦਾ ਹੈ?'

'ਕੰਪਨੀ, ਮੈਡਮ।'

'ਅਤੇ ਹੋਰ?'

'ਕੰਮ.....ਸੱਭ ਕੁਝ, ਮੈਡਮ!'

'ਵਾਹ! ਬਹੁਤ ਖੁਬ! ਮੈਂ ਵੀ?'

'ਜੀ ਮੈਡਮ!'

'ਬਹੁਤ ਸੁਹਣਾ ਏਂ ਤੂੰ।'

'ਕੀ?.....ਮੈਡਮ!'

'ਤੂੰ!'

'ਜੀ ਮੈਡਮ!'

'ਕੀ ਪੀਏਗਾ? ਚਾਹ, ਜੂਸ ਜਾਂ ਕੋਲਡ ਡਰਿੰਕ?'

'ਕੁਝ ਨਹੀਂ। ਮੈਡਮ!'

'ਕੁਝ ਵੀ ਨਹੀਂ?'

'ਜੀ।'

ਅਚਾਨਕ ਬਿਲਡਿੰਗ ਉਪਰੋਂ ਹਵਾਈ ਜਹਾਜ਼ ਦੇ ਲੰਘਣ ਦੀ ਚੀਖਵੀਂ ਆਵਾਜ਼ ਸੁਣਾਈ ਦਿੱਤੀ। ਰੂਬਨ ਇਕ ਦਮ ਘਬਰਾ ਗਿਆ। ਉਸ ਦੇ ਚਿਹਰੇ ਉੱਤੇ ਡਰ ਤੇ ਉਲਝਣ ਦੇ ਮਿਲੇ ਜੁਲੇ ਪ੍ਰਭਾਵ ਸਨ।

'ਕਿਉਂ? ਕੀ ਗੱਲ ਏ?'

'ਪਤਾ ਨਹੀਂ। ਜਦੋਂ ਕੋਈ ਹਵਾਈ ਜਹਾਜ਼ ਬਿਲਡਿੰਗ ਤੋਂ ਗੁਜ਼ਰਦਾ ਏ ਮੈਨੂੰ ਅਜੀਬ ਘਬਰਾਹਟ ਮਹਿਸੂਸ ਹੁੰਦੀ ਏ।'

'ਪਰ ਕਿਉਂ? ਕੀ ਇਸ ਆਵਾਜ਼ ਨਾਲ ਕੋਈ ਬੁਰੀ ਘਟਨਾ ਯਾਦ ਆ ਜਾਂਦੀ ਏ?'

'ਬੁਰੀ ਘਟਨਾ?.....ਮੈਡਮ!'

'ਜੀਵਨ ਦਾ ਕੋਈ ਅਣਚਾਹਿਆ ਹਾਦਸਾ ਸ਼ਾਇਦ!'

‘ਹਾਦਸਾ?.....ਨਹੀਂ! ਮੈਡਮ! ਅਜਿਹੀ ਕੋਈ ਗੱਲ ਨਹੀਂ।’

‘ਚੱਲ ਛੱਡ। ਘਰ ਵਿਚ ਕੌਣ ਕੌਣ ਹੈ?’

‘ਕੋਈ ਨਹੀਂ। ਮੈਡਮ!’

‘ਤੂੰ ਇੱਕਲਾ ਹੀ ਹੈ! ਪਤਨੀ? ਬੱਚੇ?.....ਕੋਈ ਹੋਰ?’

‘ਕੋਈ ਨਹੀਂ।’.....ਸੁਣ ਰੂਹੀ ਦਾ ਮਨ ਖਿੜ ਗਿਆ ਸੀ।

‘ਹੂੰ! ਖਾਣੇ ਦਾ ਕੀ ਪ੍ਰੋਗ੍ਰਾਮ ਏ?’ ਮਾਰੇ ਖੁਸ਼ੀ ਦੇ ਰੂਹੀ ਦੀ ਭੁੱਖ ਚਮਕ ਪਈ ਸੀ।

‘ਖਾਣਾ? .....ਹੁਣੇ ਹੀ ਭਿਜਵਾ ਦਿੰਦਾ ਹਾਂ ਮੈਡਮ!’

ਤੇ ਉਸ ਨੇ ਤੁਰੰਤ ਕੰਪਨੀ ਦੇ ਕੈਫੇਟੇਰੀਆ ਨੂੰ ਮੈਡਮ ਲਈ ਖਾਣਾ ਭਿਜਵਾਣ ਦਾ ਹੁਕਮ ਸੁਣਾ ਦਿੱਤਾ ਤੇ ਖੁੱਦ ਮੇਜ਼ ਉੱਤੇ ਪਈਆਂ ਫਾਇਲਾਂ ਫਰੋਲਣ ਲੱਗ ਪਿਆ।

‘ਤੂੰ ਫਾਇਲਾਂ ਉੱਤੇ ਨਜ਼ਰ ਮਾਰਨੀ ਸ਼ੁਰੂ ਵੀ ਕਰ ਦਿੱਤੀ ਏ?’ ਉਸ ਨੂੰ ਫਾਇਲਾਂ ਘੋਖਦਿਆਂ ਦੇਖ ਰੂਹੀ ਦੇ ਬੋਲ ਸਨ।

‘ਜੀ ਮੈਡਮ!.....ਕਾਫ਼ੀ ਦੇਖ ਲਈਆਂ ਹਨ।’

‘ਲੱਗਦਾ ਹੈ ਕਿ ਤੂੰ ਤਾਂ ਕੰਪਨੀ ਨੂੰ ਪੂਰੀ ਤਰ੍ਹਾਂ ਹੀ ਸਮਰਪਿਤ ਹੈ। ਨਾ ਚਾਹ, ਨਾ ਕੋਲਡ ਡਰਿੰਕ, ਨਾ ਗਪਸ਼ਪ, ਨਾ ਖਾਣਾ। ਭਲਾ ਕੰਮ ਤੋਂ ਬਿਨ੍ਹਾਂ ਵੀ ਕੋਈ ਸ਼ੌਂਕ ਹੈ ਤੈਨੂੰ?’

‘ਸਿਰਫ਼ ਕੰਮ। ਮੈਡਮ!’

‘ਅੱਛਾ। ਆਫ਼ਿਸ ਤੋਂ ਛੁੱਟੀ ਪਿਛੋਂ ਕੀ ਕਰਦਾ ਏਂ?’

‘ਕੁਝ ਨਹੀਂ। ਘਰ ਜਾਂਦਾ ਹਾਂ..... ਆਪਣੀ ਥਾਂ।’

‘ਆਪਣੀ ਥਾਂ?.....ਹੋਰ ਕਿਹੜੀ ਕਿਹੜੀ ਥਾਂ ਦੇਖੀ ਏ ਤੂੰ?.....ਡਿਸਕੋ? ਪੱਬ? .....ਜਾਂ ਕੋਈ ਹੋਰ?’

‘ਕੋਈ ਨਹੀਂ। ਮੈਡਮ!’

‘ਤੈਨੂੰ ਸੈਰ ਜ਼ਰੂਰ ਕਰਨੀ ਚਾਹੀਦੀ ਹੈ ਘੱਟੋ ਘੱਟ। ਸਾਰਾ ਦਿਨ ਇੰਨਾ ਕੰਮ ਕਰਦਾ ਏ ਤੇ ਸ਼ਾਮ ਨੂੰ ਕੋਈ ਦਿਲ ਪਰਚਾਵਾ ਵੀ ਨਹੀਂ। ਕੋਈ ਪਿਕਨਿਕ ਵੀ ਨਹੀਂ। ਕੰਮ ਦੇ ਬੋਝ ਕਾਰਣ ਤਣਾਉ ਨਹੀਂ ਮਹਿਸੂਸ ਕਰਦਾ ਤੂੰ?’

‘ਬੋਝ?.....ਤਣਾਉ? ਮਾਫ਼ ਕਰਨਾ.....ਮੈਂ ਸਮਝ ਨਹੀਂ ਸਕਿਆ, ਮੈਡਮ! ਮੈਨੂੰ ਤਾਂ ਕੰਮ ਚੰਗਾ ਲੱਗਦਾ ਹੈ।’

‘ਇਹ ਤਾਂ ਠੀਕ ਹੈ ਰੂਬਨ! ਪਰ ਤੈਨੂੰ ਪਿਕਨਿਕ ‘ਤੇ ਜ਼ਰੂਰ ਜਾਣਾ ਚਾਹੀਦਾ ਹੈ। ਤੇਰੀ ਸਮਾਰਟਨੈੱਸ ਕਾਇਮ ਰਹੇਗੀ।’

‘ਸਮਾਰਟਨੈੱਸ?’

‘ਹਾਂ! ਕੀ ਮੂਡ ਏ? ਚਲ ਕਿਸੇ ਦਿਨ ਇਕੱਠੇ ਚਲਦੇ ਹਾਂ ਪਿਕਨਿਕ ‘ਤੇ।’

*****

‘ਇਹ ਨਵੀਂ ਐੱਮ. ਡੀ. ਤਾਂ ਬੜੀ ਸਮਾਰਟ ਹੈ!’

‘ਕਿਉਂ ਕੀ ਹੋਇਆ ਮੀਨੂੰ?’

‘ਕੀ ਹੋਇਆ?.....ਦੇਖ ਟੀਨਾ, ਇਸ ਨੇ ਤਾਂ ਜਾਲ ਵਿਛਾਉਣਾ ਸ਼ੁਰੂ ਕਰ ਦਿੱਤਾ ਏ!.....ਪਿੱਛੇ ਹੀ ਪੈ ਗਈ ਏ!’

‘ਪਿੱਛੇ ਹੀ ਪੈ ਗਈ ਏ?.....ਕਿਸ ਦੇ?’ ਟੀਨਾ ਦੇ ਹੈਰਾਨੀ ਭਰੇ ਬੋਲ ਸਨ।

‘ਉਸੇ ਚੀਨੇ ਕਬੂਤਰ ਦੇ, ਜਿਸ ਨੇ ਸਾਡੇ ਕਿਸੇ ਲਈ ਵੀ ਕਦੇ ਗੁਟਰਗੂੰ ਨਹੀਂ ਕੀਤੀ।’

‘ਕੌਣ ਚੀਨਾ ਕਬੂਤਰ?’

‘ਉਹੋ ਹੀ.....ਆਪਣਾ ਰੂਬਨ।’

‘ਹੂੰ! ਰੂਹੀ ਦਾ ਨਿੱਜੀ ਸਕੱਤਰ।’

‘ਅੱਜ ਤੋਂ ਹੀ ‘ਆਪਰੇਸ਼ਨ ਰੂਬਨ’ਸ਼ੁਰੂ ਹੋ ਗਿਆ ਹੈ ਤਾਂ ਜੋ ਸਕੱਤਰ ਨੂੰ ‘ਨਿੱਜੀ’ਬਣਾਇਆ ਜਾ ਸਕੇ।’

‘ਬੜੀ ਹੈਰਾਨੀ ਵਾਲੀ ਗੱਲ ਹੈ ਮੀਨੂੰ! ਆਈ ਮਗਰੋਂ ਹੈ ਤੇ ਸ਼ਿਕਾਰ ਮਾਰਨਾ ਚਾਹੁੰਦੀ ਏ ਸਭ ਤੋਂ ਪਹਿਲਾਂ।’

‘ਆਰ ਵੀ ਸਟੂਪੈੱਡ? ਪਿਛਲੇ ਸਾਲ ਭਰ ਤੋਂ ਅਸੀਂ ‘ਚੀਨੇ’ਦੇ ਸ਼ਿਕਾਰ ਦੀ ਤਾਕ ਵਿਚ ਹਾਂ.....ਪਰ ਮਜ਼ਾਲ ਹੈ ਕਿ ਕਦੇ ਇਸ ਨੇ ਸਾਡੇ ਵਲੋਂ ਸੁੱਟਿਆ ਦਾਣਾ ਚੁਗਿਆ ਵੀ ਹੋਵੇ। ਹੋਰ ਤਾਂ ਹੋਰ ਉਸ ਨੇ ਤਾਂ ਇਕ ਵਾਰ ਵੀ ਉਸ ਵੱਲ ਨਜ਼ਰ ਚੁੱਕ ਕੇ ਨਹੀਂ ਦੇਖਿਆ।’

‘ਚਲ, ਦੱਸ ਤਾਂ ਸਹੀ, ਹੋਇਆ ਕੀ ਏ? ਕੀ ਦੇਖਿਆ ਏ ਤੂੰ?’

‘ਬਸ ਥੋੜ੍ਹਾ ਹੀ। ਰੂਹੀ ‘ਚੀਨੇ’ਦੇ ਨੇੜੇ ਬੈਠੀ ਉਸ ਦੀ ਪਸੰਦ ਜਾਨਣ ਲਈ ਪੁੱਛ ਰਹੀ ਸੀ, ਅਖੇ.....ਤੂੰ ਖਾਂਦਾ ਕੀ ਏ? ਤੂੰ ਪੀਂਦਾ ਕੀ ਏ?

ਕਿਥੇ ਜਾਂਦਾ ਏ? ਕੀ ਕਰਦਾ ਏ?.....ਤੈਨੂੰ ਕੀ ਚੰਗਾ ਲੱਗਦਾ ਏ?.....ਘਰ ਵਿਚ ਕੌਣ ਕੌਣ ਹੈ?.....'

'ਹੂੰ.....ਤੇ ਚੀਨਾ? ਕੀ ਉਸ ਨੇ ਦਾਣਾ ਚੁਗ ਲਿਆ?'

'ਓਹ ਨੋ!.....ਇਹੀ ਤਾਂ ਖਾਸ ਗੱਲ ਹੈ। ..... ਪੰਛੀ ਬਿਲਕੁਲ ਬੇਅਸਰ ਸੀ। ਉਸ ਨੇ ਦਾਣੇ ਨੂੰ ਉੱਕਾਂ ਹੀ ਮੂੰਹ ਨਹੀਂ ਮਾਰਿਆ।.....ਫਿਰ ਵੀ ਮੈਡਮ ਦੀ ਕੋਸ਼ਿਸ਼ ਜਾਰੀ ਹੈ।'

'ਡੌਂਟ ਵਰੀ ਮਾਈ ਡੀਅਰ! ਅਸੀਂ ਵੀ ਘੱਟ ਨਹੀਂ। ਸਾਡੀ ਵੀ ਕੋਸ਼ਿਸ਼ ਜਾਰੀ ਹੈ।'

'ਵਾਹ ਇਹ ਹੋਈ ਨਾ ਗੱਲ।.....ਹੋਪ ਸਸਟੇਨਜ਼ ਲਾਈਫ!.....ਖੈਰ ਕਦੇ ਤਾਂ ਆਏਗਾ ਹੀ ਪੰਛੀ ਜਾਲ ਵਿਚ।'

'ਵਾਇ ਨੱਟ! .....ਹਾਂ ਸੱਚ ਕੁਝ ਪਤਾ ਲੱਗਾ ਕਿ ਇਹ ਰਹਿੰਦਾ ਕਿਥੇ ਏ?'

'ਓਹ ਨੋ! ਹਰ ਸ਼ਾਮ ਠੀਕ ਪੰਜ ਵਜੇ, ਬਿਨ੍ਹਾਂ ਕਿਸੇ ਨਾਲ ਹੈਲੋ ਹਾਇ ਕੀਤੇ ਕਾਲੀ ਕਾਰ ਵਿਚ ਬੈਠ ਉਡਣ ਛੂੰ ਹੋ ਜਾਂਦਾ ਹੈ। ਕਈ ਵਾਰ ਤਾਂ ਇਸ ਤੋਂ ਰਾਈਡ ਲੈਣ ਲਈ ਦਿਲ ਵੀ ਕੀਤਾ ਪਰ ਇਸ ਦੀ ਚੁੱਪ ਕਾਰਣ ਪੁੱਛਣ ਦਾ ਹੌਂਸਲਾ ਹੀ ਨਹੀਂ ਪਿਆ।'

'ਪਰ ਰਾਈਡ ਦਾ ਵੀ ਕੀ ਫਾਇਦਾ? .....ਉਸ ਦਿਨ ਮੈਂਨੂੰ ਇਸ ਦੀ ਕਾਰ ਵਿਚ ਰਾਈਡ ਮਿਲ ਤਾਂ ਗਈ ਪਰ ਇਹ ਭਲਾਮਾਣਸ ਸਾਰੇ ਰਾਹ ਚੁੱਪ ਹੀ ਰਿਹਾ, ਤੇ ਫਿਰ ਘਰ ਸਾਹਮਣੇ ਉਤਾਰ ਚੁੱਪਚਾਪ ਤੁਰ ਗਿਆ। .....ਮੇਰੇ ਬਹੁਤ ਇਸਰਾਰ ਕਰਣ ਤੇ ਵੀ ਅੰਦਰ ਨਾ ਆਇਆ..... ਚਾਹ ਦੇ ਕੱਪ ਲਈ ਵੀ ਨਾ।

ਜੇ ਕਿਤੇ ਉਸ ਦਿਨ ਦੋ ਪਲ ਬੈਠ ਜਾਂਦਾ ਮੇਰੇ ਕੋਲ, ਤਾਂ ਖੋਲ ਲੈਣੇ ਸਨ ਉਸ ਦੇ ਦਿਲ ਦੇ ਭੇਤ ਮੈਂ ਤਾਂ।'

'ਜੂ ਡੇਵਿਲ! ਤੂੰ ਤਾਂ ਕਮਾਲ ਕਰ ਦਿੱਤੀ। ਅੱਜ ਤਕ ਨਹੀਂ ਦੱਸਿਆ ਕਿ ਤੂੰ ਇਥੋਂ ਤਕ ਪਹੁੰਚ ਚੁੱਕੀ ਏ?'

'ਓਹ ਮਾਈ ਗਾਡ! ਵਟ ਏ ਸੇਡ ਥਿੰਗ! ਛੁਪਾ ਛੁਪਾ ਰੱਖੀ ਗੱਲ ਅਚਾਨਕ ਮੂੰਹੋ ਨਿਕਲ ਗਈ।.....ਚਲ ਤੂੰ ਵੀ ਕਰ ਲੈ ਟ੍ਰਾਈ। ਮੈਨੂੰ ਕਿਹੜਾ ਮੋਤੀ ਮਿਲ ਗਏ ਜੋ ਤੈਨੂੰ ਨਹੀਂ ਮਿਲੇ।'

'ਕਰਾਂਗੀ! ਓਹ ਡੀਅਰ! ਜ਼ਰੂਰ ਕਰਾਂਗੀ ਤੇ ਤੈਨੂੰ ਦਿਖਾ ਕੇ ਰਹੂੰਗੀ ਆਪਣੇ ਜਾਦੂ ਦਾ ਅਸਰ ਇਕ ਦਿਨ।'

*****

'ਰੂਬਨ!'

'ਜੀ ਮੈਡਮ!'

'ਯੂ ਮੋਰੱਨ! ਕਦੇ ਰੂਹੀ ਕਹਿ ਕੇ ਵੀ ਬੁਲਾ ਲਿਆ ਕਰ, ਰੂਹੀ ਦੀਆਂ ਲਾਲ ਸੁਰਖ ਅੱਖਾਂ ਵਿਚ ਦਰਦ ਭਰਿਆ ਤਰਲਾ ਸੀ।

'ਸੌਰੀ! .....ਮੈਡਮ!'

'ਮੇਰੇ ਬਾਰ ਬਾਰ ਕਹਿਣ ਦੇ ਬਾਵਜੂਦ, ਪਿਛਲੇ ਚਾਰ ਮਹੀਨਿਆਂ ਵਿਚ ਤੂੰ ਮੈਨੂੰ ਇਕ ਵਾਰ ਵੀ ਰੂਹੀ ਕਹਿ ਕੇ ਨਹੀਂ ਬੁਲਾਇਆ। ਰੂਬਨ!.....ਤੂੰ ਜਾਣਦਾ ਨਹੀਂ ਕਿ ਮੈਂ.....ਮੈਂ ਤੈਨੂੰ ਕਿੰਨਾ ਚਾਹੁੰਦੀ ਹਾਂ। ਜਦ ਤੂੰ ਮੇਰੇ ਕੋਲ ਹੁੰਦਾ ਹੈ ਤਾਂ ਪਤਾ ਹੀ ਨਹੀਂ ਲੱਗਦਾ ਕਿ ਦਿਨ ਕਿਵੇਂ ਹੱਥੋਂ ਤਿਲਕ ਜਾਂਦਾ ਏ। ਪਰ ਰਾਤ ਹੈ ਕਿ ਲੰਘਦੀ ਹੀ ਨਹੀਂ.....ਪਲ ਪਲ ਤੇਰਾ ਝਾਉਲਾ ਪੈਂਦਾ ਹੈ।.....ਅੱਵਲਾਂ ਤਾਂ ਨੀਂਦ ਆਉਂਦੀ ਹੀ ਨਹੀਂ ਤੇ ਜੇ ਕਿਧਰੇ ਭੁਲ ਭੁਲੇਖੇ ਆ ਵੀ ਜਾਏ ਤਾਂ ਕੰਬਖਤ ਸੁਪਨੇ ਵੀ ਤੇਰੇ ਹੀ ਘੇਰੀ ਰੱਖਦੇ ਨੇ।.....ਤੂੰ ਕਦੇ ਪਿਆਰ ਵੀ ਕੀਤਾ ਏ ਕਿਸੇ ਨਾਲ?'

'ਪਿਆਰ? ..... ਹਾਂ ਤਾਂ। ਕੰਮ .....ਦਫ਼ਤਰ ਵਿਚ ਮੈਂ ਹਮੇਸ਼ਾਂ ਤੁਹਾਡੇ ਹੀ ਤਾਂ ਕੰਮ ਕਰਦਾ ਹਾਂ।'

'ਹਾਂ! ਹਾਂ! ਕੰਮ ਤਾਂ ਮੇਰੇ ਸਾਰੇ ਤੂੰ ਹੀ ਕਰਦਾ ਏ! ਪਰ ਤੂੰ ਸਦਾ ਇਕ ਦੂਰੀ ਬਣਾਈ ਰੱਖੀ ਏ ਮੈਥੋਂ। ਕਦੇ ਢੁੱਕਿਆ ਨਹੀਂ ਨੇੜੇ। ਕਦੇ ਆਪਣੇਪਣ ਦਾ ਅਹਿਸਾਸ ਹੀ ਨਹੀਂ ਹੋਇਆ ਤੇਰੇ ਵਿਹਾਰ 'ਚੋਂ।..... ਪਤਾ ਨਹੀਂ ਕਿਉਂ?'

'ਮੈਂ ਤਾਂ ਆਪ ਦੇ ਬਿਲਕੁਲ ਕਰੀਬ ਹਾਂ, ਮੈਡਮ!.....ਆਪ ਦਾ ਸੇਵਕ। ਆਪ ਦੇ ਹੁਕਮ ਦੀ ਤੁਰੰਤ ਤਾਮੀਲ ਲਈ ਹਮੇਸ਼ਾਂ ਤੱਤਪਰ।'

'ਰੂਬਨ! ਤੂੰ ਮੇਰੀਆਂ ਭਾਵਨਾਵਾਂ ਨੂੰ ਸਮਝਣ ਦੀ ਕੋਸ਼ਿਸ਼ ਨਹੀਂ ਕਰਦਾ। ਕਦੇ ਵੀ ਨਹੀਂ।.....ਮੈਂ ਤੇਰੇ ਬਿਨ ਇਕ ਅਧੂਰਾਪਣ ਮਹਿਸੂਸ ਕਰਦੀ ਹਾਂ। ਇਕ ਤੜਪ ਜਿਹੀ ਰਹਿੰਦੀ ਹੈ ਮਨ ਵਿਚ ਹਰ ਵਕਤ। ਮੇਰਾ ਦਿਲੋ-ਦਿਮਾਗ ਹਮੇਸ਼ਾਂ ਤੇਰੇ ਖਿਆਲਾਂ ਵਿਚ ਡੁੱਬਿਆ ਰਹਿੰਦਾ ਏ।.....ਤੇਰੀ ਬੁੱਕਲ ਵਿਚ ਸਮਾ ਜਾਣ ਨੂੰ ਦਿਲ ਕਰਦਾ ਏ। ਪਰ ਤੂੰ ਹੈ ਕਿ ਤੈਨੂੰ ਮੇਰੀ ਜ਼ਰਾ ਜਿੰਨੀ ਵੀ ਪਰਵਾਹ ਨਹੀਂ।'

'ਸੌਰੀ! ਮੈਡਮ! ਤੁਸੀਂ ਕੀ ਕਹਿ ਰਹੇ ਹੋ? ਮੈਨੂੰ ਕੁਝ ਵੀ ਸਮਝ ਨਹੀਂ ਆ ਰਹੀ।'

'ਮੈਨੂੰ ਤਾਂ ਹਮੇਸ਼ਾਂ ਤੇਰੇ ਸਾਥ ਦੀ, ਤੇਰੀ ਨੇੜਤਾ ਦੀ ਤੇ ਤੇਰੇ ਪਿਆਰ ਦੀ ਲੋਚ ਰਹਿੰਦੀ ਹੈ ਪਰ ਤੂੰ ਹਮੇਸ਼ਾਂ ਇਕ ਖਾਸ ਦੂਰੀ ਬਣਾਈ ਰੱਖੀ ਹੈ ਮੈਥੋਂ। ..... ਇਕ ਬੇਰੁਖੀ ਭਰਪੂਰ ਦੂਰੀ।

ਤੇਰੇ ਕੋਲ ਕਦੇ ਵਿਹਲ ਹੀ ਨਹੀਂ ਕਿ ਕੋਈ ਸ਼ਾਮ ਤੂੰ ਮੇਰੇ ਨਾਲ ਗੁਜ਼ਾਰ ਸਕੇ। ਕਿੰਨੀ ਵਾਰ ਤੂੰ ਮੇਰੀ ਡਿਨਰ ਦੀ ਪ੍ਰੋਪੋਜ਼ਲ ਨੂੰ ਠੁਕਰਾਇਆ ਹੈ? ਜ਼ਰਾ ਸੋਚ! ਤੂੰ ਤਾਂ ਕਦੇ ਮੇਰੇ ਨਾਲ ਪਿਕਨਿਕ ਲਈ ਵੀ ਨਹੀਂ ਤੁਰਿਆ। ਤੇ ਉਸ ਦਿਨ ਤਾਂ ਹੱਦ ਹੀ ਹੋ ਗਈ ਜਦ ਅਚਾਨਕ ਮੇਰਾ ਹੱਥ ਤੇਰੇ ਹੱਥ ਨੂੰ ਛੂਹ ਗਿਆ.....ਮੇਰੇ ਅੰਦਰ ਤਾਂ ਬਿਜਲੀ ਕੌਂਧ ਗਈ ਸੀ ਜਿਵੇਂ, ਪਰ ਤੂੰ ਸੀ ਕਿ ਬਿਲਕੁਲ ਬੇਖ਼ਬਰ।'

'ਹੱਥ?'.....ਮੈਡਮ! ਪਕੜ ਲਉ ਬੇਸ਼ਕ! ਇਹ ਲਉ।'ਰੂਬਨ ਨੇ ਆਪਣਾ ਹੱਥ ਮੇਜ਼ ਉੱਤੇ ਅੱਗੇ ਨੂੰ ਕਰਦੇ ਹੋਏ ਕਿਹਾ।

'ਵਾਹ! ਵੱਟ ਏ ਡਾਰਲਿੰਗ! ਕਮਾਲ ਏ ਤੂੰ ਤੇ ਕਮਾਲ ਏ ਤੇਰੀ ਮਖ਼ਮਲੀ ਛੂਹ।'ਰੂਹੀ ਨੇ ਰੂਬਨ ਦੇ ਹੱਥਾਂ ਨੂੰ ਚੁੰਮਦਿਆਂ ਕਿਹਾ।

'ਇਹ ਚੋੜ੍ਹੀ ਛਾਤੀ, ਇਹ ਸਖ਼ਤ ਮੱਸਲਜ਼, ਲੱਗਦਾ ਏ ਲਿਓਨਾਰਡੋ ਦਾ ਵਿੰਚੀ ਵਰਗੇ ਬੁੱਤਸਾਜ਼ ਨੇ ਖੂਬ ਨਾਪ ਤੋਲ ਕੇ ਬਣਾਇਆ ਏ ਤੈਨੂੰ।'ਅਜਬ ਖੁਮਾਰੀ ਵਿਚ ਰੱਤੀ ਰੂਹੀ, ਰੂਬਨ ਨੂੰ ਇਧਰ ਉਧਰ ਛੂੰਹੀ ਜਾ ਰਹੀ ਸੀ।

'ਤੇਰੀਆਂ ਸਾਗਰ ਵਰਗੀਆਂ ਨੀਲੀਆਂ ਅੱਖਾਂ ਵਿਚ ਡੁੱਬ ਜਾਣ ਨੂੰ ਦਿਲ ਕਰਦਾ ਏ.....ਮੇਰਾ।'ਠੰਢੀ ਆਹ ਭਰਦਿਆਂ ਰੂਹੀ ਦੇ ਬੋਲ ਸਨ।

'ਮੈਡਮ! ਇਹ ਕੀ ਹੋ ਰਿਹਾ ਹੈ? .....ਤੁਸੀਂ ਇਹ ਕੀ ਕਰ ਰਹੇ ਹੋ?.....ਮੈਨੂੰ ਇੰਝ ਕਿਉਂ ਛੂੰਹ ਰਹੇ ਹੋ?' ਰੂਬਨ ਦੇ ਪ੍ਰੇਸ਼ਾਨੀ ਭਰੇ ਬੋਲ ਸਨ।

'ਕਿਵੇਂ ਲੱਗੀ ਇਹ ਛੋਹ?' ਰੂਹੀ ਨੇ ਰੂਬਨ ਦੇ ਬੁੱਲਾਂ ਨੂੰ ਚੁੰਮਦਿਆਂ ਪੁੱਛਿਆ।

'ਕਿਵੇਂ ਲੱਗੀ?.....ਮੈਨੂੰ ਤਾਂ ਸਿਰਫ਼ ਇਹ ਪਤਾ ਹੈ ਕਿ ਤੁਸੀਂ ਮੈਨੂੰ ਛੂੰਹ ਰਹੇ ਹੋ। ਬੱਸ।.....ਬੱਸ ਇਕ ਛੋਹ ਹੈ।.....ਉਫ਼ ਇਹ ਮੈਨੂੰ ਕੀ ਹੋ ਰਿਹਾ ਹੈ? ਮੈਡਮ! ਮੇਰਾ ਸੰਤੁਲਨ ਗੜਬੜਾ ਰਿਹਾ ਹੈ..... ਤੁਸੀਂ..... ਤੁਸੀਂ ਮੈਨੂੰ ਜਕੜ ਕਿਉਂ ਰਹੇ ਹੋ?.....ਮੇਰੇ ਬੁੱਲਾਂ ਨੂੰ ਕਿਉਂ.....?'

'ਰੂਬਨ.....ਮਾਈ ਲਵ! ਮੈਂ ਤੇਰੇ ਬਿਨ ਜੀਅ ਨਹੀਂ ਸਕਦੀ।.....ਇਹ ਬਦਵਖ਼ਤ ਪਿਆਰ ਵੀ ਕੀ ਸ਼ੈਅ ਹੈ? ਅੱਜ ਤੱਕ ਕਦੇ ਵੀ ਮੈਂ ਇੰਝ ਮਹਿਸੂਸ ਨਹੀਂ ਸੀ ਕੀਤਾ।.....ਰਾਇਸ਼ਾ ਦੁਆਰਾ ਕੀਤੇ ਪਿਆਰ ਦੇ ਗੁਣਗਾਣ, ਮੈਂ ਹਮੇਸ਼ਾਂ ਫਾਲਤੂ ਝੱਖ਼ ਹੀ ਸਮਝੀ ਸੀ।.....ਏ ਵੇਸਟ ਆਫ਼ ਟਾਇਮ! ਪਰ ਹੁਣ ਮੈਂ ਸਮਝ ਸਕੀ ਹਾਂ ਇਸ ਗਜ਼ਬ ਦੇ ਅਹਿਸਾਸ ਨੂੰ।'

'ਅਹਿਸਾਸ?.....ਪਤਾ ਨਹੀਂ?.....ਪੰਜ ਵੱਜ ਚੁੱਕੇ ਹਨ ਮੈਡਮ! ਦਫ਼ਤਰ ਬੰਦ ਕਰਨ ਦਾ ਟਾਇਮ ਹੋ ਗਿਆ ਹੈ।'

'ਤਾਂ ਕੀ ਹੋਇਆ? ਮੈਂ ਤੈਨੂੰ ਘਰ ਛੱਡ ਦੇਵਾਂਗੀ।.....ਨਹੀਂ ਤਾਂ ਤੂੰ ਅੱਜ ਮੇਰੇ ਕੋਲ ਠਹਿਰ ਜਾ, ਪਲੀਜ਼!.....ਮੈਂ.....ਮੈਂ ਤੇਰੇ ਬਿਨ੍ਹਾਂ ਬਹੁਤ ਇਕੱਲੀ ਮਹਿਸੂਸ ਕਰਦੀ ਹਾਂ.....।'ਰੂਬਨ ਨਾਲ ਲਿਪਟੀ ਹੋਈ ਰੂਹੀ ਦੀ ਤਰਲੇ ਭਰੀ ਆਵਾਜ਼ ਸੀ।

'ਮੈਨੂੰ ਜਾਣ ਦਿਓ, ਮੈਡਮ! ਪਲੀਜ਼..... ਮੈਂ ਜਾਣਾ ਹੈ.....ਬਹੁਤ ਜ਼ਰੂਰੀ।..... ਚੰਗਾ ਗੁੱਡ ਨਾਈਟ, ਮੈਡਮ!'

ਰੂਬਨ ਤੇਜ਼ੀ ਨਾਲ ਪੱਲਾ ਛੁਡਾ, ਦਫ਼ਤਰ ਤੋਂ ਤੁਰੰਤ ਬਾਹਰ ਨਿਕਲ ਗਿਆ ਤੇ ਰੂਹੀ ਦੇਰ ਤਕ ਵਸਲ ਦੇ ਅਹਿਸਾਸ ਵਿਚ ਡੁੱਬੀ .....ਖ਼ਾਲੀ ਹਵਾ ਨੂੰ ਘੂਰਦੀ ਰਹੀ।

*****

'ਏ ਟੀਨਾ! ਦੇਖ ਦੇਖ! 'ਚੀਨਾ'ਕਿਵੇਂ ਉਡਾਰੀ ਮਾਰ ਗਿਆ ਤੇ ਸ਼ਿਕਾਰਣ ਕਿਵੇਂ ਤੜਫ਼ ਰਹੀ ਹੈ।'ਰੂਹੀ ਨੂੰ ਖ਼ਿਲਾਅ ਵੱਲ ਝਾਂਕਦੇ ਦੇਖ ਮੀਨੂੰ ਨੇ ਟੀਨਾ ਨੂੰ ਕੁਹਣੀ ਮਾਰਦਿਆਂ ਕਿਹਾ।

'ਉਹ ਪੱਥਰ ਏ..... ਪੱਥਰ ਮੀਨੂੰ। ਪਿਛਲੇ ਡੇਢ ਸਾਲ ਤੋਂ ਅਸੀਂ ਦੋਨੋਂ ਹੀ ਕੁਝ ਨਹੀਂ ਕਰ ਸਕੀਆਂ ਤੇ ਨਾ ਹੀ ਮੈਡਮ ਰੂਹੀ ਦਾ ਹੀ ਜਾਦੂ ਚਲਿਆ ਏ ਇਸ ਪੱਥਰ-ਦਿਲ ਉੱਤੇ।'

'ਆ ਦੇਖੀਏ ਕਿਧਰ ਉਡਾਰੀ ਮਾਰ ਰਿਹਾ ਹੈ ਉਹ?'

'ਜਲਦੀ ਆ। ਉਹ ਦੇਖ.....ਉਹ ਜਾ ਵੜ੍ਹਿਆ ਏ ਆਪਣੀ ਕਾਲੀ ਕਾਰ ਵਿਚ।.....ਇਕ ਪਲ ਵੀ ਬਿਨ੍ਹਾਂ ਇਧਰ ਉਧਰ ਝਾਂਕੇ।'

'ਓ ਮਾਈ ਗਾਡ! ਅਜੀਬ ਆਦਮੀ ਹੈ ਇਹ ਤਾਂ।.....ਕਿਸੇ ਦੀਆਂ ਭਾਵਨਾਵਾਂ ਦੀ ਜ਼ਰਾ ਵੀ ਕਦਰ ਨਹੀਂ ਹੈ ਇਸ ਨੂੰ।'

*****

'ਮਿਸ ਰੂਹੀ!'

'ਜੈਂਸ ਮੈਡਮ!'

'ਬੋਰਡ ਆਫ ਡਾਇਰੈਕਟਰਜ਼ ਦਾ ਫੈਸਲਾ ਹੈ ਕਿ ਤੁਹਾਨੂੰ ਨੌਕਰੀ ਤੋਂ ਤੁਰੰਤ ਬਰਖਾਸਤ ਕਰ ਦਿੱਤਾ ਜਾਵੇ।' ਕੰਪਨੀ ਦੀ ਚੇਅਰਪਰਸਨ ਮਿਸਿਜ਼ ਅੰਬਾਨੀ ਦੇ ਬੋਲ ਸਨ।

'ਪਰ..... ਪਰ ਕਿਉਂ? ਮੈਡਮ!'

‘ਰੂਬਨ ਨਾਲ ਤੁਹਾਡਾ ਵਿਵਹਾਰ!.....ਦਰਅਸਲ ਐੱਮ. ਡੀ. ਦੇ ਅਹੁਦੇ ਲਈ ਤੁਹਾਡੀ ਚੋਣ ਵਾਸਤੇ ਸਾਡੇ ਫੈਸਲੇ ਨੂੰ ਰੂਬਨ ਨੇ ਹੀ ਪ੍ਰਭਾਵਿਤ ਕੀਤਾ ਸੀ।.....ਤੇ ਹੁਣ ਵੀ ਰੂਬਨ ਦਾ ਹੀ..... ।’

‘ਰੂਬਨ?’

‘ਜੈੱਸ! ਰੂਬਨ ਹੀ। ਤੁਹਾਡੀ ਚੋਣ ਸਮੇਂ, ਤੁਹਾਡੀ ਲਿਆਕਤ, ਤਜਰਬਾ, ਨਿਰਣੈਕਾਰੀ ਸਮਰਥਾ, ਪ੍ਰਬੰਧਕੀ ਮੁਹਾਰਤ, ਸਵੈ-ਵਿਸ਼ਵਾਸ ਤੇ ਅਗੁਵਾਈ ਯੋਗਤਾ ਵਰਗੇ ਵਿਲੱਖਣ ਗੁਣਾਂ ਕਾਰਣ ਹੀ ਰੂਬਨ ਨੇ ਹੋਰ ਉਮੀਦਵਾਰਾਂ ਦੀ ਤੁਲਨਾ ਵਿਚ ਤੁਹਾਨੂੰ ਸੱਭ ਤੋਂ ਵੱਧ ਨੰਬਰ ਦਿੱਤੇ ਸਨ।..... ਪਰ ਦੁੱਖ ਦੀ ਗੱਲ ਹੈ ਕਿ ਹੁਣ ਤੁਸੀਂ ਅਜਿਹੀ ਤੁਲਨਾਤਮਕ ਜਾਂਚ ਵਿਚ ਬਹੁਤ ਪਿੱਛੇ ਰਹਿ ਗਏ ਹੋ।’

‘ਤੁਲਨਾਤਮਕ ਜਾਂਚ?’

‘ਰੂਬਨ ਦੁਆਰਾ ਕੀਤੀ ਜਾਂਚ।’

‘ਰੂਬਨ ਦੁਆਰਾ?’

‘ਮਿਸ ਰੂਹੀ! ਪਿਛਲੇ ਅੱਠ ਮਹੀਨਿਆਂ ਦੌਰਾਨ ਤੁਹਾਡੇ ਕੰਮਕਾਰ ਦੀ ਜਾਂਚ ਤੋਂ ਪਤਾ ਲੱਗਾ ਹੈ ਕਿ ਰੂਬਨ ਨਾਲ ਤੁਹਾਡੇ ਲਗਾਅ ਕਾਰਣ ਤੁਸੀਂ ਆਪਣਾ ਵਧੇਰੇ ਸਮਾਂ ਉਸ ਨਾਲ ਗੁਜ਼ਾਰਣ ਨੂੰ ਹੀ ਤਰਜ਼ੀਹ ਦਿੱਤੀ ਹੈ। ਤੁਹਾਡਾ ਦਿਲੋ-ਦਿਮਾਗ ਰੂਬਨ ਸੰਬੰਧਤ ਸੋਚਾਂ ਵਿਚ ਲਗਾਤਾਰ ਗੜੁੰਦ ਰਹਿਣ ਕਾਰਣ ਕੰਪਨੀ ਲਈ ਤੁਹਾਡੀ ਸਮਰਪਣ ਭਾਵਨਾ ਸਮੇਂ ਨਾਲ ਘੱਟਦੀ ਗਈ ਹੈ। ਜਿਸ ਦਾ ਪ੍ਰਤੱਖ ਸਬੂਤ ਰੂਬਨ ਨਾਲ ਤੁਹਾਡਾ ਕੱਲ ਵਾਲਾ ਵਿਵਹਾਰ ਹੈ।’

‘ਆਈ ਐੱਮ ਸੌਰੀ! ਮੈਡਮ!.....ਰੂਬਨ! ਪਲੀਜ਼ ਮੈਨੂੰ ਮਾਫ਼ ਕਰ ਦੇ।..... ਪਲੀਜ਼ ਰੂਬਨ।’ਰੂਹੀ ਦੀ ਤਰਲੇ ਭਰੀ ਆਵਾਜ਼ ਸੀ।

ਉਸ ਦੇਖਿਆ ਨਿਢਾਲ ਬੈਠਾ ਰੂਬਨ..... ਬਿਲਕੁਲ ਹੀ ਬੇਜਾਨ ਜਿਹਾ..... ਸੁੰਨੀਆਂ ਸੁੰਨੀਆਂ ਅੱਖਾਂ ਨਾਲ ਸਾਹਮਣੀ ਕੰਧ ਨੂੰ ਇਕ ਟੱਕ ਦੇਖ ਰਿਹਾ ਸੀ।

‘ਰੂਬਨ ਕੁਝ ਨਹੀਂ ਬੋਲੇਗਾ। ਮਿਸ ਰੂਹੀ!’

‘ਪਰ ਕਿਉਂ? ਮੈਡਮ! ਕਿਉਂ ਨਹੀਂ ਬੋਲੇਗਾ ਰੂਬਨ?’

‘ਇਸ ਲਈ ਕਿ ਉਸ ਦੀ ਬੈਟਰੀ ਡੈੱਡ ਹੈ। ਉਸ ਵਲੋਂ ਇਕੱਠੀ ਕੀਤੀ ਜਾਣਕਾਰੀ ਜਾਂਚ ਲਈ ਭੇਜੀ ਜਾ ਚੁੱਕੀ ਹੈ ਤਾਂ ਜੋ ਔਰਤ-ਮਰਦ ਸਹਿਕਰਮੀਆਂ ਦੇ ਆਪਸੀ ਸੰਬੰਧਾਂ ਦਾ ਕਾਰਜਸ਼ੀਲਤਾ ਉੱਤੇ ਪ੍ਰਭਾਵ ਜਾਣਿਆ ਜਾ ਸਕੇ। ਅਜਿਹੇ ਸੰਬੰਧਾਂ ਦੇ ਨੁਕਸਾਨਦੇਹ ਪ੍ਰਭਾਵਾਂ ਦਾ ਹੱਲ ਜਾਣ ਕੇ ਕੰਪਨੀ ਕਾਰਜਸ਼ੀਲਤਾ ਨੂੰ ਅਧਿਕਤਮ ਪੱਧਰ ਉੱਤੇ ਬਣਾਈ ਰੱਖਣਾ ਚਾਹੁੰਦੀ ਹੈ।’ਕਹਿੰਦਿਆਂ ਮਿਸਿਜ਼ ਅੰਬਾਨੀ ਨੇ ਹੱਥਲੇ ਰਿਮੋਟ ਯੰਤਰ ਦਾ ਬਟਨ ਹੋਲੇ ਜਿਹੇ ਦਬਾ ਦਿੱਤਾ।

ਕਾਫੀ ਦੇਰ ਤੋਂ ਚੁੱਪ ਬੈਠੇ ਰੂਬਨ ਦੀਆਂ ਅੱਖਾਂ ਵਿਚ ਚਮਕ ਪਰਤ ਆਈ ਤੇ ਉਹ ਸਿੱਧਾ ਹੋ ਕੇ ਬੈਠ ਗਿਆ।

ਰੂਹੀ ਨੇ ਦੇਖਿਆ, ਰੂਬਨ ਦੇ ਚਿਹਰੇ ਦੀ ਚਮਕ ਦਮਕ ਵਾਪਸ ਆ ਗਈ ਸੀ ਤੇ ਅੱਖਾਂ ਵਿਚ ਉਹੀ ਲੁਭਾਵਣੀ ਕਸ਼ਿਸ਼ ਮੌਜੂਦ ਸੀ, ਜਿਸ ਨੇ ਉਸ ਨੂੰ ਸ਼ੁਦਾਈ ਕਰ ਇਸ ਹਾਲਤ ਵਿਚ ਲਿਆ ਖੜ੍ਹਾ ਕੀਤਾ ਸੀ।

ਰੂਬਨ ਦੀਆਂ ਅੱਖਾਂ ਵਿਚੋਂ ਨਿਕਲ ਰਹੀ ਰੌਸ਼ਨੀ, ਸਾਹਮਣੀ ਕੰਧ ਉੱਤੇ ਚਿੱਤਰ ਦਰਸਾ ਰਹੀ ਸੀ..... ਮਿਸ ਰੂਹੀ ਦੇ ਵਿਵਹਾਰ ਦੇ ਚਿੱਤਰ।

ਰੂਹੀ ਦੀ ਸ਼ਰਮਿੰਦਗੀ ਦਾ ਕੋਈ ਆਰ-ਪਾਰ ਨਹੀਂ ਸੀ। ਉਹ ਸੁੰਨ ਹੋ ਗਈ। .....ਉਹ ਚਾਹ ਰਹੀ ਸੀ ਕਿ ਧਰਤੀ ਉਸ ਨੂੰ ਵਿਹਲ ਦੇ ਦੇਵੇ.....ਕਿਧਰੇ ਉਹ ਧਰਤੀ ਦੀ ਕੁੱਖ ਵਿਚ ਸਮਾ ਜਾਵੇ..... ਪਰ ਸੱਚ ਦੀ ਕਟਾਰ ਉਸ ਨੂੰ ਲਗਾਤਾਰ ਜ਼ਿਬਾਹ ਕਰਦੀ ਜਾ ਰਹੀ ਸੀ।

ਬਹੁਤ ਹੀ ਮੁਸ਼ਕਲ ਨਾਲ ਉਹ ਬੁੜਬੁੜਾਈ, ‘ਆਈ ਐੱਮ ਵੈਰੀ ਸੌਰੀ! ਮੈਡਮ!’

ਇੰਝ ਜਾਪ ਰਿਹਾ ਸੀ ਜਿਵੇਂ ਉਸ ਦੇ ਬੋਲ ਧੁਰ ਪਾਤਾਲ ‘ਚੋਂ ਆ ਰਹੇ ਹੋਣ।

‘ਮਿਸ ਰੂਹੀ! ਰੂਬਨ ਇਕ ਰੋਬਟ ਹੈ। ਕੰਪਨੀ ਲਈ ਪੂਰੀ ਤਰ੍ਹਾਂ ਸਮਰਪਿਤ ਰੋਬਟ। ਪਿਛਲੇ ਦਿਨ੍ਹੀ ਇਸ ਨੇ ਜੋ ਜਾਣਕਾਰੀ ਇਕੱਠੀ ਕੀਤੀ ਹੈ ਉਹ ਔਰਤ-ਮਰਦ ਸਹਿਕਰਮੀਆਂ ਦੇ ਆਪਸੀ ਸੰਬੰਧਾਂ ਦਾ ਕਾਰਜ਼ਸ਼ੀਲਤਾ ਤੇ ਪ੍ਰਬੰਧਕਤਾ ਉੱਤੇ ਪ੍ਰਭਾਵਾਂ ਨੂੰ ਜਾਨਣ ਲਈ ਬਹੁਤ ਅਹਿਮ ਹੈ। ਜਿਵੇਂ ਕਿ ਇਕ ਨਿਪੁੰਨ ਵਿਅਕਤੀ ਦਾ ਸੁਹਣੇ ਸਹਿਕਰਮੀ ਦੀ ਸਹਿਹੋਂਦ ਵਿਚ ਕੰਮ ਕਰਨ ਦਾ ਸਮਾਂ ਤਾਂ ਵੱਧ ਜਾਂਦਾ ਹੈ ਪਰ ਉਸ ਦੀ ਕਾਰਜਸ਼ੀਲਤਾ ਹੋਲੇ ਹੋਲੇ ਘੱਟਦੀ ਜਾਂਦੀ ਹੈ। ਵਿਅਕਤੀ ਦਾ ਮਨ ਕੰਮ ਉੱਤੇ ਘੱਟ ਪਰ ਸਹਿਕਰਮੀ ਉੱਤੇ ਜ਼ਿਆਦਾ ਕੇਂਦਰਿਤ ਹੋਣ ਲੱਗਦਾ ਹੈ। ਤੁਹਾਡੇ ਨਾਲ ਵੀ ਇਹੋ ਗੱਲ ਹੀ ਵਾਪਰੀ ਹੈ।’

ਰੂਹੀ ਦੇ ਚਿਹਰੇ ਦਾ ਰੰਗ ਫੱਕ ਹੋ ਗਿਆ..... ਕੰਪਨੀ ਦੇ ਇਸ ਅਗਿਆਤ ਤਜਰਬੇ ਵਿਚ ਰੂਹੀ ਦਾ ਸੱਭ ਕੁਝ ਤਬਾਹ ਹੋ ਗਿਆ

ਸੀ। .....ਪਿਆਰ ਦੀ ਕਸ਼ਿਸ਼ ਲਬਰੇਜ਼ ਲੰਮਹਿਆਂ ਦਾ ਸਕੂਨ.....ਤੇ ਪਿਆਰ ਦੇ ਖ਼ੁਮਾਰ ਵਿਚ ਮਨ ਦਾ ਨਿਢਾਲ ਹੋ ਜਾਣਾ ਹੁਣ ਉਸ ਨੂੰ ਕੁਰਹਿਤ ਜਾਪ ਰਿਹਾ ਸੀ।

ਜ਼ਿੰਦਗੀ ਦੀ ਇਕੋ ਗਲਤੀ ਉਸ ਦੇ ਪ੍ਰੋਫੈਸ਼ਨਲ ਜੀਵਨ ਲਈ ਕਿੰਨੀ ਭਾਰੀ ਰਹੀ ਸੀ।.....ਕਿਵੇਂ ਸਾਹਮਣਾ ਕਰੇਗੀ ਉਹ ਦੁਨੀਆਂ ਦਾ? .....ਇਕ ਮਸ਼ੀਨ ਸਾਹਮਣੇ ਪਿਆਰ ਲਈ ਲਿਲਕੜੀਆਂ ਲੈਂਦੀ ਇਕ ਔਰਤ ਦੀ ਤਰਲਿਆਂ ਭਰੀ ਆਵਾਜ਼।..... ਰੋਬੋਟੱਕ ਕੰਪਨੀ ਦੇ ਖੋਜ ਕਾਰਜਾਂ ਦੀ ਲੜੀ ਦਾ ਇਕ ਅਹਿਮ ਦਸਤਾਵੇਜ਼।..... ਸੱਚ ਹੀ ਕੰਪਨੀ ਨੇ ਇਸ ਮਨੋਵਿਗਿਆਨਕ ਤਜ਼ਰਬੇ ਰਾਹੀਂ ਉਸ ਨਾਲ ਡਾਢੀ ਮਾੜੀ ਕੀਤੀ ਸੀ। .....ਉਸ ਨੂੰ ਲੱਗ ਰਿਹਾ ਸੀ ਜਿਵੇਂ ਉਹ ਕੋਈ ਗਿੰਨੀ ਪਿੱਗ ਹੋਵੇ .....ਕਿਰਚ ਆ ਰਹੀ ਸੀ ਉਸ ਨੂੰ ਖੁਦ ਤੋਂ। ਗੁੱਸੇ ਤੇ ਨਫ਼ਰਤ ਦੀ ਕਾਲੀ ਹਨੇਰੀ ਉਸ ਦੇ ਦਿਲੋ-ਦਿਮਾਗ ਉੱਤੇ ਛਾਂਦੀ ਜਾ ਰਹੀ ਸੀ। ਡੂਬਡਬਾਈਆਂ ਪਰ ਸ਼ੋਲ੍ਹੇ ਵਰਾਉਂਦੀਆਂ ਅੱਖਾਂ ਨਾਲ ਰੂਹੀ ਜੜ੍ਹ ਹੋ ਚੁੱਕੀ ਸੀ।

'ਅੱਛਾ! ਅਲਵਿਦਾ ਮਿਸ ਰੂਹੀ!' ਮਿਸਿਜ਼ ਅੰਬਾਨੀ ਦੇ ਬੋਲ ਹਵਾ ਵਿਚ ਲਟਕ ਕੇ ਰਹਿ ਗਏ ਸਨ।

ਡਾ: ਦੇਵਿੰਦਰ ਪਾਲ ਸਿੰਘ (ਉਰਫ਼ ਡਾ. ਡੀ. ਪੀ. ਸਿੰਘ) ਪੰਜਾਬੀ ਵਿਗਿਆਨ ਲੇਖਕ ਹੈ, ਜੋ ਪੇਸ਼ੇ ਤੋਂ ਅਧਿਆਪਕ ਹੈ। ਇੱਕ ਭੌਤਿਕ ਵਿਗਿਆਨੀ ਹੋਣ ਕਰਕੇ, ਉਹ ਆਪਣੇ ਪਾਠਕਾਂ ਦੀ ਉਤਸੁਕਤਾ ਨੂੰ ਵਧਾਉਣ ਲਈ ਵਿਗਿਆਨ ਅਤੇ ਵਾਤਾਵਰਣ ਬਾਰੇ ਕਹਾਣੀਆਂ ਲਿਖਣਾ ਪਸੰਦ ਕਰਦਾ ਹੈ। ਉਹ ਆਮ ਪਾਠਕਾਂ ਲਈ ਵਿਗਿਆਨ ਗਲਪ ਕਹਾਣੀਆਂ ਦੇ ਦੋ ਸੰਗ੍ਰਹਿ ਅਤੇ ਬੱਚਿਆਂ ਲਈ ਚਾਰ ਵਿਗਿਆਨ ਗਲਪ ਪੁਸਤਕਾਂ ਦਾ ਲੇਖਕ ਹੈ। ਉਹ ਮਿਸੀਸਾਗਾ, ਓਨਟੈਰੀਓ, ਕੈਨੇਡਾ ਵਿੱਚ ਰਹਿੰਦਾ ਹੈ।

ਵੈਬਸਾਈਟ : drdpsinghauthor.wordpress.com

ਈ-ਮੇਲ : drdpsn@gmail.com

ਮਸਨੂਈ ਬੁੱਧੀ ਬਾਰੇ ਸਟੀਫ਼ਨ ਹਾਕਿੰਗ ਦੀ ਭਵਿੱਖਬਾਣੀ

ਪੇਸ਼ਕਸ਼ - ਅਮਨਦੀਪ ਸਿੰਘ

ਮਸਨੂਈ ਬੁੱਧੀ (Artificial Intelligence) ਨੂੰ ਨਿਯਮਤ ਕਰਨ ਦੇ ਸੰਬੰਧ ਵਿੱਚ ਸਟੀਫ਼ਨ ਹਾਕਿੰਗ ਚੇਤਾਵਨੀ ਦਿੰਦਿਆਂ ਹੋਈਆਂ ਆਖਦਾ ਹੈ, "ਭਵਿੱਖ ਵਿੱਚ AI ਆਪਣੀਆਂ ਇੱਛਾਵਾਂ ਵਿਕਸਿਤ ਕਰ ਸਕਦੀ ਹੈ ਤੇ ਮਨਮਰਜ਼ੀ ਕਰ ਸਕਦੀ ਹੈ, ਜੋ ਸਾਡੀਆਂ ਇੱਛਾਵਾਂ ਦੇ ਵਿਰੁੱਧ ਹੋ ਸਕਦੀਆਂ ਹਨ।" ਉਹ ਲਿਖਦਾ ਹੈ – "ਹਥਿਆਰਾਂ ਦੀ ਦੌੜ ਸ਼ੁਰੂ ਹੋਣ ਤੋਂ ਪਹਿਲਾਂ ਹੀ ਰੁਕਣੀ ਚਾਹੀਦੀ ਹੈ, ਕਿਓਂਕਿ ਉਸ ਲੜਾਈ ਦੇ ਵਾਰੇ ਅਸੀਂ ਸੋਚ ਵੀ ਨਹੀਂ ਸਕਦੇ! ਮੁੱਕਦੀ ਗੱਲ ਇਹ ਹੈ ਕਿ ਮਹਾਂ ਸਿਆਣਪ ਏ.ਆਈ. ਮਨੁੱਖਤਾ ਲਈ ਸਭ ਤੋਂ ਵਧੀਆ ਜਾਂ ਖਤਰਨਾਕ ਚੀਜ਼ ਹੋ ਸਕਦੀ ਹੈ। ਕਿਓਂਕਿ ਮਹਾਂ ਸਿਆਣਪ ਏ.ਆਈ.ਆਪਣੇ ਮੰਤਵ ਪੂਰੇ ਕਰਨ ਵਿੱਚ ਬਹੁਤ ਹੀ ਨਿਪੁੰਨ ਹੋਵੇਗੀ, ਤੇ ਜੇ ਉਸਦੇ ਤੇ ਸਾਡੇ ਮੰਤਵ ਮੇਚਦੇ ਨਹੀਂ ਹੋਏ ਤਾਂ ਅਸੀਂ ਮੁਸੀਬਤ ਵਿੱਚ ਫਸ ਸਕਦੇ ਹਾਂ। ਆਮ ਤੌਰ ਤੇ ਅਸੀਂ ਕੀੜੇ-ਮਕੌੜਿਆਂ ਨੂੰ ਨਹੀਂ ਮਾਰਦੇ ਪਰ ਜੇ ਉਹ ਸਾਡੇ ਰਾਹ ਦਾ ਰੋੜਾ ਬਣ ਜਾਣ ਤਾਂ ਅਸੀਂ ਉਹਨਾਂ ਨੂੰ ਨਹੀਂ ਛੱਡਦੇ। ਆਓ, ਮਨੁੱਖਤਾ ਨੂੰ ਕੀੜੇ-ਮਕੌੜਿਆਂ ਵਰਗੇ ਹਾਲਾਤਾਂ ਵਿੱਚ ਨਾ ਧੱਕੀਏ!" **ਚਿੱਤਰ** - ਪਿਕਸਬੇ ਤੇ ਵਿਕੀਪੀਡੀਆ ਤੋਂ ਧੰਨਵਾਦ ਸਹਿਤ



ਸੂਰਜ ਮੰਡਲ ਤੋਂ ਵਿਸ਼ਾਲ

ਅਮਨਦੀਪ ਸਿੰਘ

ਮੰਗਲ ਦੀ ਲਾਲ ਧਰਤੀ ਇਸ ਵੇਲੇ ਦੂਰ ਗਗਨ ਦੀ ਛਾਂ ਵਿੱਚ ਛੁਪ ਰਹੇ ਸੂਰਜ ਦੀ ਹਲਕੀ ਗੁਲਾਬੀ ਅਤੇ ਲਾਲ ਰੋਸ਼ਨੀ ਨਾਲ, ਦਿਲਾਂ ਵਿੱਚ ਧੂਹ ਪਾ ਦੇਣ ਵਾਲੇ, ਵਚਿੱਤਰ ਜਿਹੇ ਰੰਗ ਨਾਲ ਚਮਕ ਰਹੀ ਸੀ। ਮੰਗਲ ਗ੍ਰਹਿ ਦੀ ਲਾਲ ਗੋਂਦ ਦੇ ਇੱਕ ਪਾਸੇ ਉੱਸਰੀਆਂ, ਇਸਪਾਤ ਦੀਆਂ ਉੱਚੀਆਂ-ਉੱਚੀਆਂ ਇਮਾਰਤਾਂ ਵਿੱਚ, ਪੀਲਾ ਪ੍ਰਕਾਸ਼ ਮੁਸਕਰਾਉਣ ਲੱਗ ਪਿਆ ਸੀ। ਛੁਪ ਰਿਹਾ ਸੂਰਜ, ਜਿਹੜਾ ਕਿ ਪ੍ਰਿਥਵੀ, ਮੰਗਲ ਤੇ ਸੂਰਜ ਮੰਡਲ ਦੀਆਂ ਹੋਰ ਵਸਤਾਂ ਦਾ ਜਨਮਦਾਤਾ ਸੀ, ਮੰਗਲ ਗ੍ਰਹਿ ਦੇ ਵਿਕਾਸ ਦਾ ਗਵਾਹ ਸੀ। ਇਸੇ ਦੀ ਹੋਂਦ ਵਿੱਚ ਪ੍ਰਿਥਵੀ ਦੇ ਮਿਹਨਤੀ ਲੋਕਾਂ ਨੇ ਮੰਗਲ ਗ੍ਰਹਿ 'ਤੇ ਪੱਸਰੇ ਨੀਲੇ ਕੋਹਰੇ ਦੇ ਬੱਦਲਾਂ ਨੂੰ ਹਟਾ ਕੇ ਆਧੁਨਿਕ ਸੱਭਿਅਤਾ ਦੀ ਜੋਤ ਜਲਾਈ ਸੀ, ਜਿਹੜੀ ਆਪਣੇ ਉੱਜਲ ਪ੍ਰਕਾਸ਼ ਨਾਲ਼ ਮੰਗਲ ਗ੍ਰਹਿ ਦੀ ਲਾਲ ਧਰਤੀ ਨੂੰ ਨਹਿਲਾ ਰਹੀ ਸੀ।

ਰਣਤੇਜ ਆਪਣੇ ਮਕਾਨ ਦੀ ਬਾਲਕੋਨੀ ਵਿੱਚ ਖੜਾ, ਛੁਪ ਰਹੇ ਸੂਰਜ ਦੀ ਸੰਗਤਰੀ ਕਲੋਲ ਵੇਖ ਰਿਹਾ ਸੀ। ਛੁਪ ਰਹੇ ਸੂਰਜ ਨੂੰ ਵੇਖਦਿਆਂ ਸਮੇਂ ਉਸਦੇ ਦਿਮਾਗ਼ ਵਿੱਚ ਕੋਈ ਸੋਚ ਨਹੀਂ ਸੀ, ਪਰ ਜਿਵੇਂ ਹੀ ਸੂਰਜ ਗਗਨ ਦੇ ਵਿਸ਼ਾਲ ਖੰਭਾਂ ਵਿੱਚ ਸਮਾ ਗਿਆ, ਤਿਵੇਂ ਹੀ ਉਸਦੇ ਮਸਤਕ ਵਿੱਚ ਸੋਚਾਂ ਦੀ ਲਹਿਰ ਨੇ ਅੰਗੜਾਈ ਲੈਣੀ ਸ਼ੁਰੂ ਕਰ ਦਿੱਤੀ। ਪ੍ਰਿਥਵੀ ਤੋਂ ਮੰਗਲ ਗ੍ਰਹਿ 'ਤੇ ਆਇਆਂ, ਉਸਨੂੰ ਹਾਲੇ ਦੋ ਹੀ ਦਿਨ ਹੋਏ ਸਨ। ਉਸਨੇ ਅਕਾਸ਼ ਵੱਲ੍ਹ ਨਜ਼ਰ ਸੁੱਟੀ, ਹਨੇਰਾ ਹੋ ਗਿਆ ਸੀ ਅਤੇ ਫੋਬੋਸ ਤੇ ਦੀਮੋਸ (Phobos and Deimos), ਮੰਗਲ ਦੇ ਦੋ ਉਪਗ੍ਰਹਿ, ਅਤਿਅੰਤ ਹੀ ਪਿਆਰੇ ਦਿਖਾਈ ਦੇ ਰਹੇ ਸਨ।

ਰਣਤੇਜ ਨੂੰ ਪ੍ਰਿਥਵੀ ਤੋਂ, ਮੰਗਲ ਗ੍ਰਹਿ ਦੀ ਛੋਟੀ ਜਿਹੀ ਸੈਨਾ ਦਾ ਕਮਾਂਡਰ ਨਿਯੁਕਤ ਕਰਕੇ ਭੇਜਿਆ ਗਿਆ ਸੀ, ਤਾਂ ਜੋ ਉੱਥੇ ਵੱਸਦੇ ਪਰਿਵਾਰਾਂ, ਜੋ ਕਿ ਵਿਸ਼ੇਸ਼ ਕਰਕੇ ਵਿਗਿਆਨਕ ਸਨ, ਦੀ ਰੱਖਿਆ ਕੀਤੀ ਜਾ ਸਕੇ। ਮੰਗਲ ਗ੍ਰਹਿ ਦੀ ਸੈਨਾ ਵਿੱਚ ਵੀ ਗਿਣੇ-ਚੁਣੇ ਜਵਾਨ ਸਨ। ਪਰ ਉਹਨਾਂ ਕੋਲ ਅਨੇਕਾਂ ਹੀ ਉੱਚ ਕੋਟੀ ਦੇ ਆਧੁਨਿਕ ਹਥਿਆਰ ਤੇ ਸਪੇਸ ਕਰਾਫ਼ਟ ਸਨ। ਆਉਂਦਿਆਂ ਹੀ ਉਸਨੇ ਸੈਨਾ ਦਾ ਚਾਰਜ ਸੰਭਾਲ ਲਿਆ ਸੀ। ਮੰਗਲ ਗ੍ਰਹਿ 'ਤੇ ਵਸੀ ਅਤਿਅੰਤ ਹੀ ਸੁੰਦਰ ਨਗਰੀ ਵਿੱਚ ਉਸ ਲਈ ਇੱਕ ਫਲੈਟ ਪਹਿਲਾਂ ਹੀ ਰਾਖਵਾਂ ਸੀ। ਉੱਥੇ ਅਜੇ ਸਿਰਫ਼ ਇੱਕ ਹੀ ਨਗਰ ਸੀ - ਜਿਸਦਾ ਨਾਂ "ਗੈਂਗਲੀਅਨ" (Ganglion) ਸੀ, ਵਿੱਚ ਗਿਣੇ ਚੁਣੇ ਕੁੱਲ ਸੌ ਮਕਾਨ ਸਨ। ਮੰਗਲ ਗ੍ਰਹਿ 'ਤੇ ਖੋਜ ਕਰ ਰਹੇ ਵਿਗਿਆਨਕ ਆਪਣੇ ਪਰਿਵਾਰਾਂ ਸਮੇਤ ਇੱਥੇ ਰਹਿ ਰਹੇ ਸਨ। ਉਹਨਾਂ ਦੇ ਬੱਚਿਆਂ ਦੇ ਪੜ੍ਹਨ ਵਾਸਤੇ ਇੱਕ ਸਕੂਲ ਤੇ ਕਾਲਜ ਵੀ ਬਣਾਇਆ ਗਿਆ ਸੀ - ਉੱਥੇ ਜ਼ਰੂਰੀ ਵਸਤਾਂ ਦੀ ਖਰੀਦੋ-ਫ਼ਰੋਖ਼ਤ ਲਈ ਇੱਕ ਬਜ਼ਾਰ ਵੀ ਸੀ।

ਰਣਤੇਜ ਸੈਨਾ ਦੇ ਕੰਮ ਤੋਂ ਵਿਹਲਾ ਹੋ ਕੇ ਅੱਜ ਸ਼ਾਮ ਦੇ ਵੇਲੇ ਹੀ ਸ਼ਹਿਰ ਦੇ ਮੱਧ ਦੇ ਵਿੱਚ ਸਥਿੱਤ 'ਪ੍ਰਾਚੀਨ ਅਜਾਇਬਘਰ' ਵਿੱਚ ਗਿਆ ਸੀ। ਉੱਥੇ ਪੁਰਾਣੇ ਮੰਗਲ ਗ੍ਰਹਿ, ਜਿਹੜਾ ਕਿ ਬਹਾਰੋਂ ਸੱਖਣਾ ਸੀ, ਦੇ ਚਿੱਤਰ ਲੱਗੇ ਹੋਏ ਸਨ, ਅਤੇ ਮੰਗਲ ਗ੍ਰਹਿ ਦੀ ਖੁਸ਼ਹਾਲੀ ਲਈ ਜਿਹਨਾਂ ਲੋਕਾਂ ਨੇ ਉੱਦਮ ਕੀਤਾ ਸੀ, ਉਹਨਾਂ ਦੀਆਂ ਤਸਵੀਰਾਂ ਤੇ ਕੰਮ ਦੀ ਪੂਰੀ ਫ਼ਿਲਮ ਪ੍ਰਦਰਸ਼ਿਤ ਸੀ। ਅਜਾਇਬ ਘਰ ਵਿੱਚ ਪ੍ਰਵੇਸ਼ ਕਰਦਿਆਂ ਹੀ, ਵਾਈਕਿੰਗ-1 ਤੇ 2 (Viking-I & II) ਅਤੇ ਮੈਰੀਨਰ (Mariner-9) ਸਪੇਸਕਰਾਫ਼ਟ ਚਿੱਤਰਾਂ ਵਿੱਚ ਬੁਲੰਦ ਖੜੇ ਸਨ, ਜਿਨ੍ਹਾਂ ਨੇ ਪਹਿਲਾਂ ਪਹਿਲ ਪ੍ਰਿਥਵੀ ਵਾਸੀਆਂ ਨੂੰ, ਮੰਗਲ ਗ੍ਰਹਿ ਬਾਰੇ ਜਾਣਕਾਰੀ ਦਿੱਤੀ ਸੀ। ਫੇਰ ਉਸਨੇ ਵੀਡੀਓ 'ਤੇ ਵੇਖਿਆ ਕਿ ਕਿਵੇਂ ਵੀਹਵੀਂ ਸਦੀ ਦੇ ਅੰਤਲੇ ਵਰ੍ਹਿਆਂ ਵਿੱਚ ਮੰਗਲ ਗ੍ਰਹਿ 'ਤੇ ਜੀਵਨ ਦੀ ਇੱਕ ਨੰਨ੍ਹੀ ਜਿਹੀ ਚਿੰਗਾਰੀ ਵਸਾਉਣ ਦੇ ਯਤਨ ਅਰੰਭੇ ਗਏ ਸਨ। ਉਸ ਸਮੇਂ ਨੀਲਾ ਕੋਹਰਾ ਮੰਗਲ ਗ੍ਰਹਿ ਦੇ ਚਾਰ-ਚੁਫ਼ੇਰੇ ਆਪਣਾ ਰਾਜ ਜਮਾਈ ਬੈਠਾ ਸੀ। ਹਵਾ ਵਿੱਚ ਕਾਰਬਨ ਡਾਈਓਕਸਾਈਡ ਗੈਸ ਤੇ ਪਾਣੀ ਦੇ ਥੋੜੇ-ਥੋੜੇ ਕਤਰੇ ਮੌਜੂਦ ਸਨ। ਪੱਥਰਾਂ ਵਿੱਚ ਉੱਗਣ ਵਾਲ਼ੀ ਕਾਈ (Lichens) ਵੀ ਕਿਤੇ-ਕਿਤੇ ਦਿਖਾਈ ਦੇ ਜਾਂਦੀ ਸੀ। ਅਜਿਹੇ ਵਾਤਾਵਰਣ ਵਿੱਚ ਜੀਵਤ ਪ੍ਰਾਣੀ ਅਤੇ ਪੌਦੇ ਭਲਾ ਕਿਵੇਂ ਜਿਉਂਦੇ ਰਹਿ ਸਕਦੇ ਸਨ? ਪਰ ਉਸ ਵੇਲੇ ਅਜਿਹੇ ਕਈ ਚਿੰਨ੍ਹ ਮਿਲਣ ਲੱਗੇ ਸਨ, ਜਿਨ੍ਹਾਂ ਤੋਂ ਗ੍ਰਹਿ 'ਤੇ ਭਵਿੱਖ ਵਿੱਚ ਜੀਵਤ ਪ੍ਰਾਣੀਆਂ ਦੀ ਹੋਂਦ ਦੀ ਆਸ ਰੱਖੀ ਜਾ ਸਕਦੀ ਸੀ। ਇਹ ਚਿੰਨ੍ਹ ਸਨ - ਉੱਥੋਂ ਦੇ ਵਾਯੂਮੰਡਲ ਵਿੱਚ ਪਾਣੀ ਦੇ ਕਤਰੇ, ਬਹੁਤਾ ਤਾਂ ਮੰਗਲ ਗ੍ਰਹਿ ਦਾ ਪ੍ਰਿਥਵੀ ਵਰਗਾ ਆਕਾਰ ਸੀ। ਪ੍ਰਿਥਵੀ ਨਾਲ਼ ਕਈ ਹੋਰ ਸਮਾਨਤਾਵਾਂ ਸਨ ਜਿਵੇਂ ਮੰਗਲ ਗ੍ਰਹਿ ਦਾ ਆਪਣੀ ਧੁਰੀ ਦੁਆਲ਼ੇ 24 ਘੰਟੇ 27 ਮਿੰਟ ਵਿੱਚ ਇੱਕ ਚੱਕਰ ਲਗਾਉਣਾ। ਇਸ ਤਰ੍ਹਾਂ ਉੱਥੇ ਵਸਣ ਵਾਲ਼ਿਆਂ ਨੂੰ ਪ੍ਰਿਥਵੀ ਵਰਗਾ ਮਹੌਲ ਸਿਰਜਣ ਵਿੱਚ ਸਫ਼ਲਤਾ ਮਿਲ਼ੀ ਸੀ।

ਅਜਾਇਬਘਰ ਵਿੱਚ ਮੰਗਲ ਗ੍ਰਹਿ 'ਤੇ ਜੀਵਨ ਦੀ ਸਿਰਜਣਾ ਦੇ ਉਹ ਸਾਰੇ ਪਲ ਸਾਂਭੇ ਗਏ ਸਨ। ਹਾਲਾਂਕਿ ਮੰਗਲ ਗ੍ਰਹਿ ਦੇ ਸਾਰੇ ਵਾਤਾਵਰਣ ਨੂੰ ਦੂਸ਼ਿਤ ਗੈਸਾਂ ਤੋਂ ਮੁਕਤੀ ਨਹੀਂ ਮਿਲ਼ੀ ਸੀ, ਪਰ ਜਿੱਥੇ ਗੈਂਗਲੀਅਨ ਨਗਰ ਆਬਾਦ ਸੀ - ਉਸ ਦੇ ਆਸ-ਪਾਸ ਦੇ ਸੌ ਕਿ: ਮੀ: ਦੇ ਖੇਤਰ ਵਿੱਚ ਕਾਰਬਨ ਡਾਈਓਕਸਾਈਡ ਤੇ ਹੋਰ ਗੈਸਾਂ, ਜਿਹੜੀਆਂ ਜੀਵਤ ਪ੍ਰਾਣੀਆਂ ਵਾਸਤੇ ਹਾਨੀਕਾਰਕ ਸਨ, ਦੀ ਮਾਤਰਾ ਬਹੁਤ ਹੱਦ ਤੱਕ ਘਟਾ ਦਿੱਤੀ ਗਈ ਸੀ। ਉਸ ਖੇਤਰ ਵਿੱਚ ਜ਼ਿੰਦਗੀ ਦੀ ਜ਼ੁੰਬਸ਼ ਲਹਿਰ ਦੁੜਾਉਣ ਵਾਲ਼ੀ ਆਕਸੀਜਨ ਗੈਸ ਬਣਾਉਣ ਵਾਸਤੇ ਇੱਕ ਬਹੁਤ ਹੀ ਵਿਸ਼ਾਲ ਜਨਰੇਟਰ ਲਗਾਇਆ ਗਿਆ ਸੀ। ਉਸ ਸੰਜੀਵਨੀ ਜਨਰੇਟਰ ਦਾ ਨਿਰਮਾਣ ਪ੍ਰਿਥਵੀ ਦੇ ਵਿਗਿਆਨਿਕਾਂ ਨੇ ਰਾਤ-ਦਿਨ ਇੱਕ ਕਰਕੇ ਕੀਤਾ ਸੀ। ਆਕਸੀਜਨ ਦੀ ਮਾਤਰਾ ਘੱਟ ਨਾ ਹੋਵੇ, ਇਸ ਲਈ ਪੰਜ ਹੋਰ ਜਨਰੇਟਰ ਤਿਆਰ ਸਨ। ਹਰ ਘਰ ਵਿੱਚ ਇੱਕ ਮਿੰਨੀ-ਜਨਰੇਟਰ ਰੱਖਿਆ ਗਿਆ ਸੀ। ਉੱਥੇ ਪੁੱਜਣ ਵਾਲ਼ੇ ਉੱਦਮੀ ਲੋਕਾਂ ਨੇ ਮੰਗਲ ਗ੍ਰਹਿ ਦੀ ਬੰਜਰ ਧਰਤੀ ਨੂੰ ਰਾਤ-ਦਿਨ ਇੱਕ ਕਰਕੇ ਵਾਹਿਆ-ਗੁੱਡਿਆ ਸੀ। ਬਨਸਪਤੀ ਦੀਆਂ ਕਰੂੰਬਲਾਂ ਉਗਾਉਣ ਲਈ ਅਨੇਕਾਂ ਖਾਦ ਪਦਾਰਥਾਂ, ਰਸਾਇਣਾਂ ਤੇ ਜ਼ਰਖੇਜ਼ ਮਿੱਟੀ ਨੂੰ ਜ਼ਮੀਨ ਵਿੱਚ ਮਿਲਾਇਆ ਸੀ। ਕਾਫ਼ੀ ਸਾਲਾਂ ਦੀ ਮਿਹਨਤ ਤੋਂ ਬਾਅਦ, ਥੋੜ੍ਹੇ ਜਿਹੇ ਹਿੱਸੇ ਵਿੱਚ ਦਰੱਖ਼ਤ ਪਨਪਣ ਲੱਗ ਪਏ ਸਨ, ਜਿਹੜੇ ਵਾਤਾਵਰਣ ਨੂੰ ਸੁਖਾਵਾਂ ਰੱਖਣ ਵਿੱਚ ਸਹਾਇਤਾ ਕਰ ਰਹੇ ਸਨ।

ਉੱਧਰ ਪ੍ਰਿਥਵੀ ਤੋਂ ਰੋਜ਼ਾਨਾ ਹੀ ਖਾਦ-ਸਮਗਰੀ ਤੇ ਹੋਰ ਜ਼ਰੂਰੀ ਵਸਤਾਂ ਲੈ ਕੇ ਪੁਲਾੜੀ ਯਾਨ (ਸਪੇਸ ਸ਼ਿੱਪ), ਮੰਗਲ ਗ੍ਰਹਿ ਲਈ ਰਵਾਨਾ ਹੁੰਦੇ ਸਨ। ਪ੍ਰਿਥਵੀ ਦੇ ਕਰੋੜਾਂ ਲੋਕਾਂ ਦੀਆਂ ਸ਼ੁੱਭ-ਕਾਮਨਾਵਾਂ ਨਾਲ਼, ਉਹ ਸੁੱਖੀਂ-ਸਾਂਦੀ ਮੰਗਲ ਦੀ ਧਰਤੀ 'ਤੇ ਉੱਤਰਦੇ ਸਨ।

ਮੰਗਲ ਗ੍ਰਹਿ 'ਤੇ ਵਸਣ ਵਾਲ਼ੇ ਲੋਕਾਂ ਨੇ ਵੀ ਹੁਣ ਕੁਝ ਜ਼ਰੂਰੀ ਵਸਤਾਂ ਜਿਵੇਂ ਕਣਕ, ਦਾਲਾਂ ਆਦਿ ਉਗਾਉਣੀਆਂ ਸ਼ੁਰੂ ਕਰ ਦਿੱਤੀਆਂ ਸਨ। ਪ੍ਰਿਥਵੀ ਦੇ ਉੱਚ-ਕੋਟੀ ਦੇ ਖੇਤੀ ਮਾਹਰਾਂ ਵਿੱਚੋਂ ਕੁਝ ਗਿਣੇ-ਚੁਣੇ ਮਾਹਰ ਮੰਗਲ 'ਤੇ ਵੱਸ ਰਹੇ ਸਨ, ਜੋ ਖੇਤੀਬਾੜੀ ਦੀ ਦੇਖਭਾਲ਼ ਕਰਦੇ ਸਨ।

ਵਾਯੂਮੰਡਲ ਵਿੱਚ ਉਪਸਥਿਤ ਕੁਝ ਕਿਰਨਾਂ ਅਤੇ ਬਾਹਰੀ ਅੰਤਰਿਕਸ਼ 'ਚੋਂ ਆ ਰਹੀਆਂ ਕਾਸਮਿਕ ਰੇ'ਜ਼ ਦੇ ਹਾਨੀਕਾਰਕ ਪ੍ਰਭਾਵਾਂ ਤੋਂ ਬਚਣ ਲਈ ਲੋਕਾਂ ਦੀਆਂ ਪਹਿਨਣ ਵਾਲ਼ੀਆਂ ਪੌਸ਼ਾਕਾਂ ਨੂੰ ਖਾਸ ਰਸਾਇਣਾਂ ਵਿੱਚ ਧੋਇਆ ਜਾਂਦਾ ਸੀ ਅਤੇ ਲੋਕ ਕੁਝ ਦਵਾਈਆਂ (Drugs) ਦਾ ਸੇਵਨ ਕਰਦੇ ਸਨ ਤਾਂ ਜੋ ਮਾਰੂ ਬਿਮਾਰੀਆਂ ਤੋਂ ਬਚਾਅ ਹੋ ਸਕੇ - ਜਿਹੜੀਆਂ ਇਹਨਾਂ ਵਿਕਿਰਨਾਂ ਤੋਂ ਉੱਪਜਦੀਆਂ ਸਨ।

ਰਣਤੇਜ ਇਹਨਾਂ ਸਾਰਿਆਂ ਖ਼ਿਆਲਾਂ ਵਿੱਚ ਗੁੰਮ ਹੋ ਗਿਆ ਸੀ। ਅਜਾਇਬਘਰ ਵਿੱਚ ਵੇਖੀਆਂ ਸਾਰੀਆਂ ਚੀਜ਼ਾਂ ਉਸ ਦੇ ਮਸਤਕ ਵਿੱਚ ਕਿਸੇ ਫ਼ਿਲਮ ਵਾਂਗ ਘੁੰਮ ਗਈਆਂ ਸਨ। ਹਰੇ ਤੇ ਪੀਲੇ ਪ੍ਰਕਾਸ਼ ਵਿੱਚ ਨਹਾ ਰਹੀ ਗੈਂਗਲੀਅਨ ਨਗਰੀ ਇਸ ਵੇਲੇ ਬੜੀ ਹੀ ਖੂਬਸੂਰਤ ਲੱਗ ਰਹੀ ਸੀ। ਉਸ ਨੂੰ ਪਰੀ-ਕਹਾਣੀਆਂ ਵਿੱਚਲਾਂ ਸੁਪਨ ਲੋਕ ਯਾਦ ਆ ਗਿਆ। ਫੇਰ ਉਸ ਨੂੰ ਸੁਪਨ ਲੋਕ ਵਿੱਚ ਵਸਦੇ ਲੋਕਾਂ ਦੀ ਯਾਦ ਆ ਗਈ। ਇਹਨਾਂ ਦੋ ਦਿਨਾਂ ਵਿੱਚ, ਉਹ ਲੱਗਭੱਗ ਸਾਰੇ ਹੀ ਗ੍ਰਹਿ ਵਾਸੀਆਂ ਨੂੰ ਮਿਲ਼ ਚੁੱਕਾ ਸੀ। ਉਹ ਉਸ ਨੂੰ ਸਾਰੇ ਹੀ ਚੰਗੇ ਇਨਸਾਨ ਲੱਗੇ ਸਨ। ਉਹ ਸਾਰਿਆਂ ਨਾਲ਼ ਇੱਕ ਸੱਚੀ ਤੇ ਸਨੇਹਮਈ ਅਪੱਣਤ ਨਾਲ਼, ਗਲਵਕੜੀ ਪਾ ਕੇ ਮਿਲ਼ਿਆ ਸੀ ਅਤੇ ਆਪਣੇ ਮੁਸਕਾਂਦੇ ਮੁੱਖੜੇ ਕਾਰਣ ਉਸ ਨੇ ਹਰ ਦਿਲ ਵਿੱਚ ਆਪਣੀ ਥਾਂ ਬਣਾ ਲਈ ਸੀ। ਸੈਨਾ ਦਾ ਕਮਾਂਡਰ ਹੋਣ ਕਰਕੇ ਵੀ ਉਸ ਨੇ ਹਰੇਕ ਵਾਸੀ ਦਾ ਹਾਲ-ਚਾਲ ਪੁੱਛਿਆ ਸੀ। ਉਸ ਨੇ ਇਸ ਕੰਮ ਵਿੱਚ ਪ੍ਰਸੰਨਤਾ ਹੀ ਮਹਿਸੂਸ ਕੀਤੀ ਸੀ ਅਤੇ ਹਰ ਵਾਸੀ ਨੂੰ ਪ੍ਰਿਥਵੀ ਦਾ ਸੁੱਖ ਸਮਾਚਾਰ ਦੱਸਿਆ ਸੀ। ਛੇਤੀ ਹੀ ਉਸ ਨੇ ਹਰ ਵਾਸੀ ਦੇ ਫਲੈਟ ਦੇ ਫੋਨ ਨੰਬਰ ਚੇਤੇ ਕਰ ਲਏ ਸਨ ਤਾਂ ਜੋ ਹਰ ਰੋਜ਼ ਉਹਨਾਂ ਦਾ ਸੁੱਖ ਸਮਾਚਾਰ ਪੁੱਛਿਆ ਜਾ ਸਕੇ।

ਉਸ ਨੇ ਇੱਕ ਨਜ਼ਰ ਉਠਾ ਕੇ ਦੂਰ ਅਕਾਸ਼ ਵੱਲ ਵੇਖਿਆ। ਤਾਰੇ ਅਤੇ ਹੋਰ ਗ੍ਰਹਿ ਚਮਕ ਰਹੇ ਸਨ। ਉਸ ਨੂੰ ਆਪਣੇ ਮਾਤ-ਗ੍ਰਹਿ ਪ੍ਰਿਥਵੀ ਦਾ ਚੇਤਾ ਆ ਗਿਆ, ਜਿਹੜਾ ਕਿ ਸੂਰਜ ਮੰਡਲ ਵਿੱਚ ਸਭ ਤੋਂ ਸੁੰਦਰ ਗ੍ਰਹਿ ਸੀ। ਉਸ ਦਾ ਦਿਲ ਮਿੱਠੇ ਦਰਦ ਨਾਲ਼ ਧੜਕਣ ਲੱਗਾ। ਪ੍ਰਿਥਵੀ 'ਤੇ ਵਸਦੀ ਉਸ ਨੂੰ ਆਪਣੇ ਸੁਪਨਿਆਂ ਦੀ ਸ਼ਹਿਜ਼ਾਦੀ ਵਲੀਨਾ ਦੀ ਯਾਦ ਆ ਗਈ। ਉਸ ਨੂੰ ਇੰਝ ਲੱਗਾ ਕਿ ਅਕਾਸ਼ ਦੇ ਵੱਡੇ-ਵੱਡੇ ਖੰਭਾਂ 'ਤੇ ਵਲੀਨਾ ਹੀ ਮੁਸਕਾ ਰਹੀ ਹੋਵੇ। ਫੇਰ ਵਲੀਨਾ ਦੇ ਖ਼ਿਆਲ ਗਗਨ ਦੇ ਖੰਭਾਂ ਵਿੱਚੋਂ ਨਿੱਕਲ਼ ਕੇ ਉਸ ਦੇ ਸਰੀਰ ਦੇ ਰੋਮ-ਰੋਮ ਵਿੱਚ ਘਰ ਕਰ ਗਏ। ਉਸ ਦਾ ਦਿਲ ਕਰ ਰਿਹਾ ਸੀ ਕਿ ਉਹ ਉੱਡ ਕੇ ਪ੍ਰਿਥਵੀ 'ਤੇ ਆਪਣੀ 'ਜ਼ਿੰਦਗੀ' ਕੋਲ ਚਲਾ ਜਾਵੇ।

ਉਹ ਹਾਲੇ ਹੋਰ ਪਤਾ ਨਹੀਂ ਕਿੰਨੀ ਕੁ ਦੇਰ ਸੋਚਾਂ ਦੇ ਅਕਾਸ਼ ਵਿੱਚ ਘੁੰਮਦਾ ਰਹਿੰਦਾ ਜੇ ਉਸ ਦੀ ਜੇਬ 'ਚ ਪਿਆ 'ਟਰਾਂਸਮੀਟਰ' ਸਪਾਰਕ ਨਾ ਕਰਦਾ। ਉਸ ਨੇ ਜੇਬ ਵਿੱਚੋਂ 'ਟਰਾਂਸਮੀਟਰ' ਕੱਢਿਆ ਅਤੇ ਉਸ ਨੂੰ ਚਾਲੂ ਕਰਕੇ ਬੋਲਿਆ-"ਹੈਲੋ! ਰਣਤੇਜ ਹੀਅਰ.....।"

"ਹੈਲੋ, ਸਰ ਮੈਂ ਸਪੇਸ ਕੰਟਰੋਲ ਰੂਮ ਤੋਂ ਬੋਲ ਰਿਹਾਂ ਹਾਂ। ਪ੍ਰਿਥਵੀ ਤੋਂ ਮਿਸ ਵਲੀਨਾ ਤੁਹਾਡੇ ਨਾਲ਼ ਗੱਲ ਕਰਨਾ ਚਾਹੁੰਦੀ ਹੈ.....!"

ਰਣਤੇਜ ਦੇ ਮਸਤਕ ਵਿੱਚ ਜਿਵੇਂ ਘੰਟੀਆਂ ਵੱਜਣ ਲੱਗ ਪਈਆਂ।

"ਹੈਲੋ....!" ਸ਼ਹਿਦ ਵਿੱਚ ਭਿੱਜਿਆ ਸੂਰ ਅਜਿਹਾ ਸੀ ਜਿਵੇਂ ਕੋਈ ਬਹੁਤ ਡੂੰਘੇ ਖੂਹ ਦੇ ਅੰਦਰੋਂ ਬੋਲ ਰਿਹਾ ਹੋਵੇ। ਰਣਤੇਜ ਦਾ ਦਿਲ ਵਲੀਨਾ ਦੀ ਸੁਰੀਲੀ ਤੇ ਛਣਕਦੀ ਅਵਾਜ਼ ਸੁਣ ਕੇ ਜ਼ੋਰ-ਜ਼ੋਰ ਨਾਲ਼ ਧੜਕ ਇਹਾ ਸੀ। ਉਸ ਨੂੰ ਹੋਸ਼ ਨਹੀਂ ਰਹੀ ਕਿ ਇੰਨੇ ਸਮੇਂ ਵਿੱਚ ਵਲੀਨਾ ਨਾਲ਼ ਕੀ ਗੱਲਬਾਤ ਹੋਈ। ਬੱਸ ਉਸ ਨੂੰ ਤਾਂ ਇਨਾਂ ਚੇਤੇ ਸੀ ਕਿ ਵਲੀਨਾ ਨੇ ਦਸ ਦਿਨ ਬਾਅਦ ਮੰਗਲ ਗ੍ਰਹਿ 'ਤੇ ਉਸ ਦੇ ਕੋਲ਼, ਉਸ ਦੇ ਦੋਸਤ ਹਰਿੰਦਰ ਨਾਲ਼ ਆਉਣਾ ਏ।

...ਤੇ ਉਸ ਨੂੰ ਫੇਰ ਪਤਾ ਨਹੀਂ ਲੱਗਾ ਕਿ ਸਮੇਂ ਦੇ ਪੰਛੀ ਕਿੰਝ ਖੰਭ ਫੜਫੜਾ ਕੇ ਉਡਾਰੀਆਂ ਲਾ ਗਏ। ਪ੍ਰਿਥਵੀ ਤੋਂ ਮੰਗਲ ਗ੍ਰਹਿ 'ਤੇ ਪੁੱਜਣ ਲਈ ਦਸ ਦਿਨ ਲਗਦੇ ਸਨ ਅਤੇ ਅੱਜ ਵਲੀਨਾ ਨੂੰ ਪ੍ਰਿਥਵੀ ਤੋਂ ਚਲਿਆਂ ਦਸ ਦਿਨ ਹੋ ਗਏ ਸਨ ਤੇ ਉਹ 'ਸਪੇਸਕਰਾਫ਼ਟ' ਦੇ ਆਉਣ ਦੀ ਉਡੀਕ ਕਰ ਰਿਹਾ ਸੀ। ਇਹਨਾਂ ਦਸ ਦਿਨਾਂ ਵਿੱਚ ਉਸ ਨੇ ਗੈਂਗਲੀਅਨ ਨਗਰ ਦੀ ਸਾਰੀ ਵਿਵਸਥਾ ਚੈੱਕ ਕਰ ਲਈ ਸੀ। ਗ੍ਰਹਿ ਵਾਸੀ ਬੜੇ ਅਰਾਮ ਨਾਲ਼ ਰਹਿ ਰਹੇ ਸਨ ਅਤੇ ਭਵਿੱਖ ਲਈ ਮੰਗਲ ਗ੍ਰਹਿ ਨੂੰ ਤਿਆਰ ਕਰ ਰਹੇ ਸਨ ਤਾਂ ਕਿ ਉੱਥੇ ਵੀ ਹੌਲ਼ੀ-ਹੌਲ਼ੀ ਪ੍ਰਿਥਵੀ ਜਿਹਾ ਵਾਤਾਵਰਣ ਸਿਰਜਿਆ ਜਾ ਸਕੇ। ਉਹ ਨਿੱਤ ਮੰਗਲ ਗ੍ਰਹਿ ਨੂੰ ਵਿਕਾਸ ਦੀ ਚਰਮ ਸੀਮਾ ਵੱਲ ਲਿਜਾ ਰਹੇ ਸਨ। ਮੰਗਲ ਗ੍ਰਹਿ 'ਤੇ ਵਸਣ ਵਾਲ਼ੇ ਸਾਰੇ ਵਿਅਕਤੀਆਂ ਨਾਲ਼ ਰਣਤੇਜ ਨੇ ਜਾਣ ਪਹਿਚਾਣ ਕਰ ਲਈ ਸੀ ਅਤੇ ਉਹਨਾਂ ਦੀ ਸੁਰੱਖਿਆ ਵਾਸਤੇ ਹਰ ਤਰ੍ਹਾਂ ਦੀ ਕੁਰਬਾਨੀ ਦਾ ਵਚਨ ਦਿੱਤਾ ਸੀ। ਰਣਤੇਜ ਦੇ ਹਸੂੰ-ਹਸੂੰ ਕਰਦੇ ਸੂਹੇ ਮੁੱਖੜੇ ਨੇ ਹਰ ਇੱਕ ਦੇ ਦਿਲ ਦੀ ਜੂਹੇ ਜਗ੍ਹਾ ਬਣਾ ਲਈ ਸੀ ਅਤੇ ਆਪਣੇ ਵਿਲੱਖਣ ਗੁਣਾਂ ਕਰਕੇ ਉਹ ਸਾਰੇ ਵਾਸੀਆਂ ਵਿੱਚ ਹਰਮਨ ਪਿਆਰਾ ਹੋ ਗਿਆ ਸੀ। ਸ਼ਾਮ ਨੂੰ ਬਜ਼ਾਰ ਦੇ ਵਿੱਚ ਵਿੱਚਰਦਿਆਂ ਹਰ ਇੱਕ ਦੇ ਨਾਲ਼ ਗੱਲਬਾਤ ਕਰਦਾ ਸੀ। ਲੋਕ ਵੀ ਉਸ ਨੂੰ ਸੱਚੀ ਤੇ ਸਨੇਹਮਈ ਮੁਸਕਾਨ ਨਾਲ਼ ਮਿਲ਼ਦੇ।

ਸਪੇਸਕਰਾਫ਼ਟ ਦੀ ਉੱਚੀ ਅਵਾਜ਼ ਉਸ ਦੇ ਕੰਨਾਂ ਨਾਲ਼ ਟਕਰਾਈ ਅਤੇ ਉਹ ਖ਼ਿਆਲਾਂ ਦੇ ਆਕਾਸ਼ ਤੋਂ ਵਰਤਮਾਨ ਦੀ ਸੋਹਲ

ਧਰਤੀ ‘ਤੇ ਉਤਰਿਆ। "ਮਾਰਸ ਸਪੇਸ ਸ਼ਿੱਪ" ਪਲੇਟਫ਼ਾਰਮ ‘ਤੇ ਲੈਂਡ ਕਰ ਚੁੱਕਾ ਸੀ ਅਤੇ ਉਸ ਵਿੱਚੋਂ ਯਾਤਰੀ ਉਤੱਰ ਰਹੇ ਸਨ। ਵਲੀਨਾ ਅਤੇ ਹਰਿੰਦਰ ਨੂੰ ਵੇਖ ਕੇ ਉਸ ਨੇ ਆਪਣੀਆਂ ਦੋਵੇਂ ਬਾਹਵਾਂ ਉੱਚੀਆਂ ਕਰਕੇ ਹਵਾ ਵਿੱਚ ਲਹਿਰਾਈਆਂ।

ਥੋੜ੍ਹੀ ਦੇਰ ਬਾਅਦ ਵਲੀਨਾ ਅਤੇ ਹਰਿੰਦਰ ਉਸ ਦੇ ਸਾਹਮਣੇ ਸਨ। ਦਿਲਾਂ ਦੇ ਭਾਵ ਕਾਬੂ ਵਿੱਚ ਨਾ ਰਹੇ ਅਤੇ ਦੋਵੇਂ ਪ੍ਰੇਮੀ ਇੱਕ ਦੂਸਰੇ ਦੀਆਂ ਬਾਹਵਾਂ ਦੇ ਸੀਮਤ ਘੇਰਿਆਂ ਵਿੱਚ ਸਮਾ ਗਏ।

ਫੇਰ ਉਸ ਨੇ ਹਰਿੰਦਰ ਨਾਲ਼ ਹੱਥ ਮਿਲਾਇਆ ਅਤੇ ਉਹ ਪਲੇਟਫ਼ਾਰਮ ਤੋਂ ਬਾਹਰ ਆ ਗਏ। ਸ਼ਾਮ ਪੈ ਗਈ ਸੀ ਅਤੇ ਗੈਂਗਲੀਅਨ ਨਗਰੀ ਪ੍ਰਕਾਸ਼ ਵਿੱਚ ਨਹਾਈ ਕਿਸੇ 'ਕਾਰਨੀਵਾਲ' ਵਾਂਗ ਵਿਖਾਈ ਦੇ ਰਹੀ ਸੀ, ਜਿਵੇਂ ਕਿਸੇ ਦੁਲਹਨ ਨੇ ਸਿਤਾਰਿਆਂ ਨਾਲ਼ ਜੜਿਆ ਦੁਪੱਟਾ ਲਿਆ ਹੋਵੇ।

ਉਹ ਮੰਗਲ ਗ੍ਰਹਿ ਦੀਆਂ ਸੜਕਾਂ ‘ਤੇ ਦੋੜਨ ਵਾਲ਼ੀਆਂ 'ਬੁਲੇਟ ਕਾਰਾਂ' ਵਿੱਚੋਂ ਇੱਕ ‘ਤੇ ਸਵਾਰ ਹੋ ਗਏ। ਕਾਰ ਸੜਕ ‘ਤੇ ਦੌੜਨ ਲੱਗੀ - ਬੰਦੂਕ 'ਚੋਂ ਨਿੱਕਲ਼ੀ ਗੋਲੀ ਵਾਂਗ। ਪਰ ਉਹ ਤਿੰਨੇ ਜਣੇ ਆਪਣੀਆਂ ਗੱਲਾਂ ਵਿੱਚ ਰੁੱਝੇ ਹੋਏ ਸਨ। ਉਹਨਾਂ ਤਿੰਨਾਂ ਦਿਆਂ ਚਿਹਰਿਆਂ ਤੋਂ ਅਸੀਮ ਖ਼ੁਸ਼ੀ ਦੇ ਭਾਵ ਸਾਫ਼ ਝਲਕ ਰਹੇ ਸਨ। ਰਣਤੇਜ ਤਾਂ ਹੋਰ ਵੀ ਜ਼ਿਆਦਾ ਖੁਸ਼ ਸੀ।

ਦੂਸਰੇ ਦਿਨ ਰਣਤੇਜ ਉਹਨਾਂ ਨੂੰ ਗੈਂਗਲੀਅਨ ਸ਼ਹਿਰ ਵਿਖਾਉਂਦਾ ਰਿਹਾ ਅਤੇ ਕਿੰਝ ਵੀਹਵੀਂ ਸਦੀ ਦੇ ਮਨੁੱਖਾਂ ਨੇ ਮੰਗਲਗ੍ਰਹਿ ‘ਤੇ ਜੀਵਨ ਦੇ ਅਰੰਭ ਲਈ ਉਪਰਾਲੇ ਕੀਤੇ ਸੀ - ਇਹ ਦੱਸਦਾ ਇਹਾ।

ਵਲੀਨਾ ਸਾਰੇ ਸ਼ਹਿਰ ਨੂੰ ਅੱਡੀਆਂ ਨਜ਼ਰਾਂ ਨਾਲ਼ ਵੇਖ ਰਹੀ ਸੀ- ਜਿਹੜਾ ਉਸ ਤੋਂ ਵੀ ਸੁੰਦਰ ਹੋ ਨਿਬੜਿਆ ਸੀ।

“ਸੱਚਮੁੱਚ.... ਕਿਸੇ ਪਰੀ ਲੋਕ ਵਰਗਾ। ਇਸ ਸ਼ਹਿਰ ਦਾ ਨਕਸ਼ਾ ਬਣਾਉਣ ਵਾਲ਼ਾ ਸੱਚਮੁੱਚ ਮਹਾਨ ਹੋਵੇਗਾ।“

ਫੇਰ ਰਣਤੇਜ ਉਹਨਾਂ ਨੂੰ ਲੈ ਕੇ ਗੈਂਗਲੀਅਨ ਸ਼ਹਿਰ ਤੋਂ ਦੋ ਕਿਲੋਮੀਟਰ ਬਾਹਰ 'ਵਾਈਟ ਸ਼ਾਵਰ' ਨਾਮਕ ਸੱਥਲ ਦਿਖਾਉਣ ਲੈ ਗਿਆ। 'ਵਾਈਟ ਸ਼ਾਵਰ' ਦੋ ਪਹਾੜੀਆਂ ਦੇ ਵਿੱਚਕਾਰ ਇੱਕ ਡੂੰਘੀ ਖਾਈ ਸੀ - ਜਿਹੜੀ ਕਿ ਅਤਿਅੰਤ ਧੁੰਦ ਦੇ ਨਾਲ਼ ਭਰੀ ਪਈ ਸੀ ਅਤੇ ਜਿਸ ਵਿੱਚ ਸੁੱਕੀ ਬਰਫ਼ (Solid CO2) ਦੇ ਅੰਸ਼ ਵੀ ਕੁਝ ਮਾਤਰਾ ਵਿੱਚ ਉਪਸਥਿੱਤ ਸਨ। ਉਹ ਦ੍ਰਿਸ਼ ਸੱਚਮੁੱਚ ਹੀ ਬਹੁਤ ਦਿਲਖਿੱਚਵਾਂ ਸੀ। ਸੁਪਨਿਆਂ ਤੋਂ ਵੀ ਪਾਰਲੇ ਪ੍ਰਦੇਸ਼ ਦਾ....।

ਅਜੇ ਵਾਈਟ ਸ਼ਾਵਰ ਦੀ ਪ੍ਰਸੰਸਾ ਵਿੱਚ ਉਹਨਾਂ ਦੇ ਮੁੰਹੋਂ ਸ਼ਬਦਾਂ ਦਾ ਛਣਕਾਟਾ ਨਿੱਕਲ਼ਣ ਹੀ ਵਾਲ਼ਾ ਸੀ ਕਿ ਰਣਤੇਜ ਦੀ ਜੇਬ ਪਿਆ ਟਰਾਂਸਮੀਟਰ ਤੜਪਣ ਲੱਗਾ।

"ਹੈਲੋ, ਰਣਤੇਜ ਹੀਅਰ!"

"ਸਰ, ਮੈਂ ਕੰਟਰੋਲ ਰੂਮ ਵਿੱਚੋਂ ਜੈਕ ਬੋਲ ਰਿਹਾ ਹਾਂ। ਸਰ, ਮੰਗਲ ਗ੍ਰਹਿ ਵੱਲ ਇੱਕ ਚਮਕਦਾ ਹੋਇਆ ਗੋਲਾ, ਜਿਸ ਦਾ ਵਿਆਸ 20,000 ਮੀਟਰ ਹੈ, ਬੜੀ ਤੇਜ਼ੀ ਨਾਲ਼ ਵੱਧ ਰਿਹਾ ਹੈ। ਕੰਪਿਊਟਰਜ਼ ਉਸ ਬਾਰੇ ਜਾਣਕਾਰੀ ਲੈ ਰਹੇ ਸਨ। ਸਥਿਤੀ ਬਹੁਤ ਸੀਰੀਅਸ ਹੈ ਸਰ.... ਤੁਸੀਂ ਛੇਤੀ ਪੁੱਜੋ।"

"ਮੈਂ ਹੁਣੇ ਆਂਦਾ ਹਾਂ।" ਰਣਤੇਜ ਚੀਖਿਆ।

ਉਸਨੇ ਸਾਰੀ ਗੱਲ, ਉਹਨਾਂ ਦੋਨਾਂ ਨੂੰ ਦੱਸੀ ਅਤੇ ਉਹ ਤੇਜ਼ੀ ਨਾਲ਼ ਬੁਲੇਟਕਾਰ ਵਿੱਚ ਸਵਾਰ ਹੋ ਗਏ।

ਦੋ ਮਿੰਟਾਂ ਬਾਅਦ ਰਣਤੇਜ ਮੰਗਲ ਗ੍ਰਹਿ ਦੇ ਕੰਟਰੋਲ ਰੂਮ ਵਿੱਚ ਖੜ੍ਹਾ ਪ੍ਰਕਾਸ਼ੀ ਗੋਲ਼ੇ ਦਾ ਚਿੱਤਰ ਸਕਰੀਨ ‘ਤੇ ਵੇਖ ਰਿਹਾ ਸੀ। ਥੋੜ੍ਹੀ ਦੇਰ ਬਾਅਦ ਕੰਪਿਊਟਰ ਨੇ ਆਪਣੀ ਜਾਣਕਾਰੀ ਸੁਣਾਈ- "ਸ਼੍ਰੀਮਾਨ, ਇਸ ਪ੍ਰਕਾਸ਼ੀ ਗੋਲ਼ੇ ਦਾ ਤਾਪਮਾਨ 1000 ਕੈਲਵਿਨ ਹੈ ਅਤੇ ਇਹ 10000 ਮੀਟਰ ਪ੍ਰਤਿ ਸਕਿੰਟ ਵੇਗ ਨਾਲ਼ ਮੰਗਲ ਗ੍ਰਹਿ ਵੱਲ ਨੂੰ ਵੱਧ ਰਿਹਾ ਹੈ ਅਤੇ ਇਸ ਦਾ ਨਿਸ਼ਾਨਾ ਸਿੱਧਾ ਗੈਂਗਲੀਅਨ ਨਗਰੀ ਹੈ। ਇਸ ਵੇਲੇ ਇਹ ਸਾਥੋਂ 36000 ਕਿਲੋਮੀਟਰ ਦੂਰ ਹੈ ਅਤੇ ਜੇ ਇਸ ਨੂੰ ਨਾ ਰੋਕਿਆ ਗਿਆ ਤਾਂ ਇਹ ਇੱਕ ਘੰਟੇ ਬਾਅਦ ਗੈਂਗਲੀਅਨ ਨਗਰੀ ਨਾਲ਼ ਟਕਰਾ ਜਾਵੇਗਾ....!"

"ਕੀ ਇਹ ਕਿਸੇ ਬਾਹਰੀ ਗ੍ਰਹਿ ਵਲੋਂ ਗੈਂਗਲੀਅਨ ਨਗਰੀ ਤਬਾਹ ਕਰਨ ਲਈ ਭੇਜਿਆ ਗਿਆ ਹੈ?" ਰਣਤੇਜ ਨੇ ਪੁੱਛਿਆ।

"ਨਹੀਂ, ਇਹ ਕੁਦਰਤੀ ਆਫ਼ਤ ਹੈ। ਸਾਡੇ ਸੌਰਮੰਡਲ ਤੋਂ ਬਾਹਰ ਸਥਿੱਤ ਇੱਕ ਸਿਤਾਰੇ ਵਿੱਚ ਵਿਸਫੋਟ ਹੋਇਆ ਹੈ, ਜਿਹੜਾ ਆਪਣੇ ਅੰਤਿਮ ਚਰਣ ‘ਤੇ ਸੀ। ਇਹ ਗੋਲਾ ਉਸ ਤੋਂ ਹੀ ਅੱਡ ਹੋ ਕੇ ਸਾਡੇ ਸੋਰ ਮੰਡਲ 'ਚ ਪ੍ਰਵੇਸ਼ ਕਰ ਗਿਆ ਸੀ। ਇਹ ਅਕਾਸ਼ੀ ਪਿੰਡ ਆਪਣੇ ਪੰਧ ਤੋਂ ਅਲੱਗ ਹੋ ਚੁੱਕਾ ਹੈ ਅਤੇ ਹੁਣ ਬੜੀ ਤੇਜ਼ੀ ਨਾਲ਼ ਇੱਧਰ ਵਧ ਰਿਹਾ ਹੈ। ਤੁਹਾਨੂੰ ਤੁਰੰਤ ਕੁਝ ਕਰਨਾ ਚਾਹੀਦਾ ਹੈ! ਸਮਾਂ ਬਹੁਤ ਘੱਟ ਹੈ।"

ਰਣਤੇਜ ਤੁਰੰਤ ਕੰਟਰੋਲ ਰੂਮ ਦੇ ਪਲੇਟਫ਼ਾਰਮ ‘ਤੇ ਖੜੇ ਸਭ ਤੋਂ ਉੱਚ ਕੋਟੀ ਦੇ ਲੜਾਕੂ ਯਾਨ ਕੋਲ ਪੁੱਜਿਆ, ਬਾਕੀ ਵਿਅਕਤੀ ਵੀ ਉਸ ਨਾਲ਼ ਉੱਥੇ ਪੁੱਜ ਗਏ।

"ਸਰ, ਤੁਸੀਂ ਨਾ ਜਾਵੋਂ, ਅਸੀਂ ਮਾਸਟਰ ਕੰਪਿਊਟਰ ਅਤੇ ਹੋਰ ਲੜਾਕੂ ਰੋਬੋਟ ਭੇਜ ਦਿੰਦੇ ਹਾਂ।" ਜੈਕ ਰਣਤੇਜ ਦੀ ਮੰਸ਼ਾ ਭਾਂਪ ਕੇ ਬੋਲਿਆ।

"ਨਹੀਂ ਜੈਕ, ਮੈਂ ਕੋਈ ਵੀ ਰਿਸਕ ਨਹੀਂ ਲੈ ਸਕਦਾ। ਇਸ ਵੇਲੇ ਕਿਸੇ ਮਸ਼ੀਨ ਦੀ ਨਹੀਂ ਇਨਸਾਨ ਦੀ ਲੋੜ ਹੈ। ਯਾਨ ਬਿਲਕੁਲ ਤਿਆਰ ਹੈ।"

"ਯੈਸ, ਸਰ.....।"

ਰਣਤੇਜ ਨੇ ਇੱਕ ਨਜ਼ਰ ਵਲੀਨਾ ਵੱਲ ਵੇਖਿਆ। ਉਸਦੀ ਚਿਹਰੇ ਦੇ ਹਲਕੀ ਉਦਾਸੀ ਦੇ ਚਿੰਨ੍ਹ ਸਨ। ਉਸਨੇ ਜਬਰਨ ਮੁਸਕਰਾਉਣ ਦੀ ਕੋਸ਼ਿਸ਼ ਕੀਤੀ ਪਰ ਕਾਮਯਾਬ ਨਾ ਹੋ ਸਕੀ।

ਰਣਤੇਜ ਤੇਜ਼ੀ ਨਾਲ਼ ਯਾਨ ਵਿੱਚ ਸਵਾਰ ਹੋ ਗਿਆ। ਥੋੜ੍ਹੀ ਦੇਰ ਬਾਅਦ ਯਾਨ ਚਾਲੂ ਹੋ ਚੁੱਕਿਆ ਸੀ। ਉਸਨੇ ਯਾਨ ਵਿੱਚ ਲੱਗੇ ਮਾਸਟਰ ਕੰਪਿਊਟਰ ਨੂੰ ਇੱਕ ਵੇਰਾਂ ਯਾਨ ਦਾ ਨਿਰੀਖਣ ਕਰਨ ਦਾ ਆਦੇਸ਼ ਦੇ ਦਿੱਤਾ। ਪੰਜ ਮਿੰਟ ਬਾਅਦ ਮਾਸਟਰ ਕੰਪਿਊਟਰ ਨੇ ਯਾਨ ਦੇ ਸਹੀ ਹੋਣ ਬਾਰੇ ਦੱਸ ਦਿੱਤਾ। ਉਸਨੇ ਟੀ.ਵੀ. ਸਕਰੀਨ ਚਾਲੂ ਕਰ ਦਿੱਤੀ। ਉਸ ਉਤੇ ਉਸਨੂੰ ਅਕਾਸ਼ੀ ਪਿੰਡ ਦਾ ਚਿੱਤਰ ਤੈਰ ਰਿਹਾ ਨਜ਼ਰ ਆਇਆ। ਪ੍ਰਮਾਤਮਾ ਦਾ ਨਾਂ ਲੈ ਕੇ ਉਸਨੇ ਯਾਨ ਨੂੰ ਆਕਾਸ਼ ਵੱਲ ਉੜਾ ਦਿੱਤਾ। ਯਾਨ ਬੜੀ ਤੇਜ਼ੀ ਨਾਲ਼ ਅਕਾਸ਼ੀ ਪਿੰਡ ਵੱਲ ਵਧ ਰਿਹਾ ਸੀ। ਪੰਜ ਮਿੰਟ ਬਾਅਦ... ਉਹ ਉਸ ਅਕਾਸ਼ੀ ਪਿੰਡ ਤੋਂ ਕੇਵਲ ਪੰਜ ਸੌ ਕਿਲੋਮੀਟਰ ਦੂਰ ਸੀ। ਹੁਣ ਉਸਨੇ ਯਾਨ ਨੂੰ ਆਕਾਸ਼ ਵੱਲ ਸਥਿਰ ਕਰ ਦਿੱਤਾ ਅਤੇ ਇੱਕ ਸਕਿੰਟ ਦੀ ਵੀ ਦੇਰ ਨਾ ਕਰਦਿਆਂ ਇੱਕ ਨਾਬ (knob) ਨੂੰ ਦਬਾ ਦਿੱਤਾ। ਯਾਨ ਦੇ ਬਾਹਰ ਲੱਗੀ ਇੱਕ ਤੋਪ ਦਾ ਮੂੰਹ ਖੁੱਲਿਆ ਅਤੇ ਉਸਨੇ ਅਕਾਸ਼ੀ ਪਿੰਡ ਦਾ ਨਿਸ਼ਾਨਾ ਸਾਧ ਦਿੱਤਾ। ਬਹੁਤ ਜ਼ਿਆਦਾ ਹਾਈ ਪਾਵਰ ਵਾਲ਼ੀ ਲੇਜ਼ਰ ਬੀਮ ਤੋਪ ਦੇ ਮੂੰਹੋ ਨਿੱਕਲ਼ੀ ਅਤੇ ਉਸ ਅਕਾਸ਼ੀ ਪਿੰਡ ਨਾਲ਼ ਜਾ ਟਕਰਾਈ। ਥੋੜ੍ਹੀ ਦੇਰ ਬਾਅਦ ਬਿਜਲੀ ਜਿਹੀ ਚਮਕੀ, ਪਰ ਉਸ ਅਕਾਸ਼ੀ ਪਿੰਡ ਨੂੰ ਸ਼ਾਇਦ ਕੋਈ ਫਰਕ ਨਾ ਪਿਆ।

"ਕੰਪਿਊਟਰ, ਕੋਈ ਇਫੈਕਟ ਪਿਆ?"

"ਸਰ, ਉਸਦੇ ਆਕਾਰ ਵਿੱਚ ਤਾਂ ਕੋਈ ਤਬਦੀਲੀ ਨਹੀਂ ਆਈ। ਪਰ ਉਸ ਦਾ ਵੇਗ ਪੰਜ ਮੀਟਰ ਪ੍ਰਤਿ ਸਕਿੰਟ ਘੱਟ ਗਿਆ ਹੈ ਤੁਹਾਨੂੰ ਲਗਾਤਾਰ ਪੰਜ ਛੇ ਅਟੈਕ ਕਰਨੇ ਚਾਹੀਦੇ ਹਨ।"

ਰਣਤੇਜ ਨੇ ਉਵੇਂ ਹੀ ਕੀਤਾ। ਕੁਝ ਚਿਰ ਬਿਜਲੀ ਜਿਹੀ ਕੜਕਦੀ ਰਹੀ, ਪਰ ਰਣਤੇਜ ਨੇ ਵੇਖਿਆ ਕਿ ਅਕਾਸ਼ੀ ਪਿੰਡ ਦੇ ਆਕਾਰ ਵਿੱਚ ਕੋਈ ਫ਼ਰਕ ਨਹੀਂ ਪਿਆ ਤੇ ਨਾ ਹੀ ਉਸਦਾ ਰਸਤਾ ਬਦਲਿਆ।

ਉਸ ਦੀਆਂ ਅੱਖਾਂ ਵਿੱਚ ਅਕਾਸ਼ੀ ਪਿੰਡ ਨੂੰ ਵੇਖ ਕੇ ਰੋਹ ਦੇ ਭਾਵ ਉੱਭਰ ਆਏ। ਉਸਨੇ ਇੱਕ ਹੋਰ ਤੋਪ ਚਾਲੂ ਕਰ ਲਈ ਅਤੇ ਅਕਾਸ਼ੀ ਪਿੰਡ 'ਤੇ ਲਗਾਤਾਰ ਪੰਦਰਾਂ ਅਟੈਕ ਕੀਤੇ।

ਪਰ..... ਅਫ਼ਸੋਸ ਕਿ ਉਸ ਤਬਾਹੀ ਦੇ ਗੋਲ਼ੇ ਦੀ ਤਬਾਹੀ ਨਾ ਹੋ ਸਕੀ ਅਤੇ ਹੁਣ ਉਹ ਨਿਰੰਤਰ ਮੰਗਲ ਵੱਲ ਨੂੰ ਵੱਧ ਰਿਹਾ ਸੀ। ਰਣਤੇਜ ਦੀਆਂ ਅੱਖਾਂ ਰੋਹ ਨਾਲ਼ ਲਾਲ ਹੋ ਗਈਆਂ। ਉਸਨੇ ਸੋਚਿਆ ਕਿ ਜੇ ਉਹ ਇੰਝ ਹੀ ਅਟੈਕ ਕਰਦਾ ਗਿਆ ਤਾਂ ਉਸ ਗੋਲ਼ੇ 'ਤੇ ਕੋਈ ਅਸਰ ਨਹੀਂ ਹੋਣਾ।

ਉੱਧਰ ਸਮੇਂ ਦਾ ਰਵਾ (Crystal) ਮਹੌਲ ਦੀ ਗਰਮੀ ਨਾਲ਼ ਪਿੱਘਲਦਾ ਜਾ ਰਿਹਾ ਸੀ।

ਫੇਰ ਅਚਾਨਕ....

ਰਣਤੇਜ ਦੇ ਮਨ ਵਿੱਚ ਇੱਕ ਬਹੁਤ ਹੀ ਭਿਆਨਕ ਵਿੱਚਾਰ ਨੇ ਜਨਮ ਲਿਆ।

ਉਸਨੇ ਯਾਨ ਨੂੰ ਚਾਲੂ ਕਰਕੇ, ਪ੍ਰਕਾਸ਼ ਦੀ ਗਤੀ ਜਿੰਨਾ ਤੇਜ਼ ਕਰ ਦਿੱਤਾ! ਪਲਕ ਝਪਕਦਿਆਂ ਹੀ ਯਾਨ ਕਲਪਨਾ ਜਿੰਨੀ ਗਤੀ ਨਾਲ਼ ਉਸ ਅਕਾਸ਼ੀ ਪਿੰਡ ਨਾਲ਼ ਜਾ ਟਕਰਾਇਆ!

ਅੰਤਰਿਕਸ਼ ਵਿੱਚ ਇੱਕ ਤੂਫ਼ਾਨ ਜਿਹਾ ਮਚ ਗਿਆ। ਯਾਨ ਦੀ ਟੱਕਰ ਨਾਲ਼ ਕਾਫ਼ੀ ਮਾਤਰਾ ਵਿੱਚ ਤਾਪ ਉਤਪੰਨ ਹੋਇਆ, ਜਿਸਦੇ ਨਾਲ਼ ਯਾਨ ਬਿਲਕੁਲ ਤਬਾਹ ਹੋ ਗਿਆ ਸੀ।

ਤੇ ਰਣਤੇਜ.....

ਉਹ ਤਾਂ ਉਸੇ ਤਾਪ ਦੀ ਭੇਂਟ ਚੜ੍ਹ ਗਿਆ।

ਉੱਧਰ ਕੰਟਰੋਲ ਰੂਮ 'ਚ ਜਦ ਵਲੀਨਾ, ਹਰਿੰਦਰ, ਜੈਕ ਤੇ ਹੋਰ ਲੋਕਾਂ ਨੇ ਇਹ ਦ੍ਰਿਸ਼ ਵੇਖਿਆ ਤਾਂ ਪਲ ਲਈ ਉਹਨਾਂ ਦੇ ਦਿਲ ਜਿਵੇਂ ਧੜਕਣੋਂ ਰੁਕ ਗਏ ਸੀ।

ਇੱਕ ਪਲ ਤਾਂ ਉਹਨਾਂ ਨੂੰ ਪਤਾ ਹੀ ਨਾ ਚਲਿਆ ਕਿ ਕੀ ਵਾਪਰ ਗਿਆ ਹੈ। ਵਲੀਨਾ ਤਾਂ ਬੇਹੋਸ਼ ਹੋ ਕੇ ਹੀ ਡਿੱਗ ਪਈ। ਹਰਿੰਦਰ ਉਸਨੂੰ ਜ਼ਮੀਨ ਤੋਂ ਚੁੱਕਣ ਲਈ ਦੌੜਿਆ। ਇਸ ਕਸ਼ਮਕਸ਼ ਨੂੰ ਹੁੰਦਿਆਂ ਪੰਤਾਲੀ ਮਿੰਟ ਹੋ ਗਏ ਸਨ। ਪਰ ਉਸ ਅਕਾਸ਼ੀ ਪਿੰਡ ਦਾ ਰਸਤਾ ਬਦਲ ਚੁੱਕਾ ਸੀ। ਰਣਤੇਜ ਨੇ ਆਪਣੀ ਜਾਨ ਦੀ ਬਾਜ਼ੀ ਲਗਾ ਦਿੱਤੀ ਸੀ..... ਮੰਗਲ ਵਾਸੀਆਂ ਦੀ ਰੱਖਿਆ ਵਾਸਤੇ।

ਹਰ ਦਿਲ ਵਿੱਚ ਉਸਦੇ ਵਾਸਤੇ ਸਨਮਾਨ ਦੀ ਅਥਾਹ ਭਾਵਨਾ ਸੀ।

ਇਹ ਗੱਲ ਉਦੋਂ ਦੀ ਸੀ, ਜਦੋਂ ਬਸੰਤ ਰੁੱਤ ਹੁੰਦੀ ਹੈ, ਜਦੋ ਫੁੱਲ ਬੂਟੇ ਆਪਣੇ ਪੂਰੇ ਜੋਬਨ 'ਤੇ ਹੁੰਦੇ ਹਨ। ਤੇ ਹੁਣ ਇੱਕ ਸਾਲ ਗੁਜ਼ਰ ਚੁੱਕਾ ਸੀ। ਸਰਦੀਆਂ ਤੋਂ ਬਾਅਦ ਬਸੰਤ ਆਈ, ਪਰ ਪ੍ਰਿਥਵੀ 'ਤੇ ਵਲੀਨਾ ਦਾ ਮਨ ਬਹਾਰੋਂ ਸੱਖਣਾ ਸੀ, ਉਸਨੂੰ ਅਜੇ ਰਣਤੇਜ ਨਹੀਂ ਭੁੱਲਿਆ ਸੀ।

ਅੱਜ ਉਸਦੀ ਪਹਿਲੀ ਬਰਸੀ ਸੀ। ਵਲੀਨਾ, ਹਰਿੰਦਰ ਨਾਲ਼ ਮੰਗਲ ਗ੍ਰਹਿ 'ਤੇ ਪੁੱਜੀ ਸੀ।

ਰਣਤੇਜ ਦੀ ਮੜ੍ਹੀ 'ਤੇ ਨਜ਼ਰ ਪੈਂਦਿਆ ਹੀ ਵਲੀਨਾ ਦੇ ਅੱਥਰੂਆਂ ਦਾ ਸੈਲਾਬ ਵਹਿ ਤੁਰਿਆ ਕਾਫ਼ੀ ਚਿਰ ਬਾਅਦ ਉਸ ਤੋਂ ਆਪਣੇ ਆਪ 'ਤੇ ਕਾਬੂ ਪਾਇਆ ਗਿਆ।

ਉਸਨੇ ਇੱਕ ਨਜ਼ਰ ਮੜ੍ਹੀ ਵਲ ਵੇਖਿਆ। ਉਸ ਵਿੱਚ ਜਿਵੇਂ ਰਣਤੇਜ ਦਾ ਹਮੇਸ਼ਾ ਹੱਸਦਾ ਰਹਿਣ ਵਾਲ਼ਾ ਚਿਹਰਾ ਇਸ ਵੇਲੇ ਵੀ ਮੁਸਕਾ ਰਿਹਾ ਸੀ। ਫੇਰ ਉਸਨੂੰ ਲੱਗਿਆ ਕਿ ਰਣਤੇਜ ਦਾ ਮੁਸਕਰਾਉਂਦਾ ਚਿਹਰਾ ਪਲ ਪ੍ਰਤੀ ਪਲ ਵਿਸ਼ਾਲ ਹੋਈ ਜਾ ਰਿਹਾ ਅਤੇ ਉਹ ਇੰਨਾ ਵਿਸ਼ਾਲ ਹੋ ਗਿਆ ਕਿ ਸਾਰੇ ਸੂਰਜ ਮੰਡਲ ਵਿੱਚ ਫੈਲ ਗਿਆ ਅਤੇ ਫੇਰ..... ਸੂਰਜ ਮੰਡਲ ਤੋਂ ਵੀ ਵਿਸ਼ਾਲ ਹੋ ਗਿਆ।

ਪੇਸ਼ੇ ਤੋਂ ਇੰਜਨੀਅਰ ਅਤੇ ਦਿਲ ਤੋਂ ਕਵੀ – ਅਮਨਦੀਪ ਸਿੰਘ ਵਿਗਿਆਨ ਗਲਪ ਦੀਆਂ ਕਹਾਣੀਆਂ, ਬਾਲ ਸਾਹਿਤ ਅਤੇ ਲੇਖ ਵੀ ਲਿਖਦਾ ਹੈ। ਉਸਦੀ ਕਹਾਣੀਆਂ ਦੀ ਕਿਤਾਬ 'ਟੁੱਟਦੇ ਤਾਰਿਆਂ ਦੀ ਦਾਸਤਾਨ (ਲੋਕ ਸਾਹਿਤ ਪ੍ਰਕਾਸ਼ਨ, 1989)' ਪੰਜਾਬੀ ਵਿੱਚ ਵਿਗਿਆਨ ਗਲਪ (Science Fiction) ਦੀ ਪਹਿਲੀ ਕਿਤਾਬ ਹੈ। ਉਹ ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹੇ ਦੇ ਪਿੰਡ ਨੌਰਾ ਤੋਂ ਹੈ ਅਤੇ ਅੱਜ-ਕੱਲ੍ਹ ਅਮਰੀਕਾ ਵਿੱਚ ਰਹਿ ਰਿਹਾ ਹੈ।

ਕੁਝ ਹਲਕਾ-ਫੁਲਕਾ-ਵਿਗਿਆਨਕ ਚੁਟਕਲੇ

ਮੈਂ ਹੀਲੀਅਮ ਵਾਰੇ ਕਿਤਾਬ ਪੜ੍ਹ ਰਿਹਾ ਸੀ ਤੇ ਉਸਨੂੰ ਥੱਲੇ ਨਹੀਂ ਰੱਖ ਸਕਿਆ!

ਕੀ ਤੁਸੀਂ ਚੰਦ ਦੇ ਉੱਪਰ ਰੈਸਟੋਰੈਂਟ ਦੀ ਤਾਰੀਫ਼ ਸੁਣੀ ਹੈ? ਹਾਂ, ਸੁਣਿਆ ਹੈ ਕਿ ਉੱਥੋਂ ਦਾ ਭੋਜਨ ਇਸ ਧਰਤੀ ਤੋਂ ਪਰੇ ਹੈ!

ਬੈਕਟੀਰੀਆ ਨੂੰ ਸਹਿਯੋਗ ਦਿਓ। ਕਿਓਂਕਿ ਕਈ ਲੋਕਾਂ ਕੋਲ਼ ਸਿਰਫ਼ ਇਹੀ 'ਕਲਚਰ' ਹੈ।

'ਜੀਵ ਵਿਗਿਆਨੀ ਨੇ ਆਪਣੇ ਦੋਸਤਾਂ ਨੂੰ ਪ੍ਰਭਾਵਿਤ ਕਰਨ ਲਈ ਕੀ ਪਹਿਨਿਆ?' 'ਡਿਜ਼ਾਈਨਰ ਜੀਨਜ਼'

'ਰਸਾਇਣਕ ਵਿਗਿਆਨ ਖਾਣਾ ਪਕਾਉਣ ਦੇ ਵਾਂਗ ਹੈ।' 'ਬੱਸ ਪਕਾਉਣ ਤੋਂ ਬਾਅਦ ਚਮਚਾ ਨਾ ਚੱਟਿਓ!'

ਐਂਟੀ ਬਾਇਓਟਿਕਸ ਜਿੰਨੀਆ ਵੀ ਮਰਜ਼ੀ ਮਸ਼ਹੂਰ ਹੋ ਜਾਣ, ਪਰ ਕਦੇ ਵਾਇਰਲ ਨਹੀਂ ਹੋ ਸਕਦੀਆਂ!

ਤੁਸੀਂ ਵਿਗਿਆਨ ਦਾ ਵਰਗੀਕਰਨ ਕਿਵੇਂ ਕਰੋਗੇ?
ਜੇ ਚੱਲਦੀ ਹੈ ਤਾਂ ਜੀਵ ਵਿਗਿਆਨ ਹੈ। ਜੇ ਗੰਧ ਮਾਰਦੀ ਹੈ ਤਾਂ ਰਸਾਇਣਕ ਵਿਗਿਆਨ ਹੈ। ਜੇ ਕੰਮ ਨਹੀਂ ਕਰਦੀ ਤਾਂ ਭੌਤਿਕ ਵਿਗਿਆਨ ਹੈ।

ਕਿਓਂਕਿ ਪ੍ਰਕਾਸ਼ ਅਵਾਜ਼ ਤੋਂ ਤੇਜ਼ ਚੱਲਦਾ ਹੈ, ਲੋਕ ਦੂਰੋਂ ਉਦੋਂ ਤੱਕ ਪ੍ਰਭਾਵਸ਼ਾਲੀ ਦਿਖਦੇ ਹਨ ਜਦੋਂ ਤੱਕ ਬੋਲਦੇ ਨਹੀਂ।

'ਕਿਹੜੀ ਗੈਸ ਕਦੇ ਨਹੀਂ ਰੋਂਦੀ?' 'ਹੱਸਣ ਵਾਲ਼ੀ (Laughing) ਗੈਸ ਭਾਵ ਨਾਈਟਰਸ ਆਕਸਾਈਡ।'

ਪਹਿਲੇ ਬਿਜਲਈ ਜਸੂਸ ਦਾ ਕੀ ਨਾਮ ਸੀ? ਸ਼ਰਲਕ ਓਹਮਜ਼ (Sherlock Ohms)! Ω

ਇੰਜ. ਈਸ਼ਰ ਸਿੰਘ

ਅਕਾਸ਼ ’ਚ ਬਿਜਲੀ ਦਾ ਚਮਕਣਾ ਕੁਦਰਤੀ ਵਰਤਾਰਾ ਹੈ ਜਿਸ ਦਾ ਜ਼ਿਕਰ ਸੰਸਾਰ ਦੇ ਸਾਰੇ ਪੁਰਾਤਨ ਗ੍ਰੰਥਾਂ ਅਤੇ ਸਾਹਿਤ ਵਿੱਚ ਮਿਲਦਾ ਹੈ ਅਤੇ ਇਸ ਨਾਲ਼ ਕਈ ਕਿਸਮ ਦੇ ਮਿੱਥ ਜੁੜੇ ਹੋਏ ਹਨ। ਇਸ ਦੀ ਚਮਕ ’ਚ ਊਰਜਾ (Energy) ਦੀ ਮਾਤਰਾ ਬਹੁਤ ਘੱਟ ਅਤੇ ਥੋੜ-ਚਿਰੀ ਹੁੰਦੀ ਹੈ ਪਰ ਕਰੰਟ ਬਹੁਤ ਜਿਆਦਾ ਹੁੰਦਾ ਹੈ। ਇਸ ਕਰ ਕੇ ਇਸ ਤੋਂ ਕੋਈ ਲਾਭ ਉਠਾਉਣ ਦੀ ਗੱਲ ਦੂਰ, ਉਲਟਾ ਇਸ ਦੇ ਖ਼ਤਰਿਆਂ ਤੋਂ ਬਚਣ ਦੀ ਲੋੜ ਪੈਂਦੀ ਹੈ। ਅੱਜ-ਕੱਲ੍ਹ ਸਭ ਉੱਚੀਆਂ ਇਮਾਰਤਾਂ ਅਤੇ ਬਣਤਰਾਂ ਆਦਿ ਤੇ ਇਸ ਤੋਂ ਬਚਾਓ ਲਈ ਜੰਤਰ ਲੱਗੇ ਹੋਣ ਦੇ ਬਾਵਜੂਦ, ਇਸ ਦੇ ਡਿੱਗਣ ਕਰ ਕੇ ਹੋਏ ਜਾਨੀ ਨੁਕਸਾਨ ਅਤੇ ਲੱਗੀਆਂ ਅੱਗਾਂ ਦੀਆਂ ਘਟਨਾਵਾਂ ਅਕਸਰ ਹੁੰਦੀਆਂ ਰਹਿੰਦੀਆਂ ਹਨ। ਯੂਰਪ ਅਤੇ ਅਮਰੀਕਾ ਦੇ ਸਾਇੰਸਦਾਨਾਂ ਨੇ ਇਸ ਵਰਤਾਰੇ ਬਾਰੇ ਖੋਜਾਂ ਕਰਨੀਆਂ ਸ਼ੁਰੂ ਕੀਤੀਆਂ ਅਤੇ ਡੇਢ ਕੁ ਸੌ ਸਾਲ ਪਹਿਲਾਂ ਅੱਜ ਦੇ ਸਰੂਪ ਵਾਲ਼ੀ ਬਿਜਲੀ ਦੀ ਕਾਢ ਕੱਢਣ ’ਚ ਸਫਲ ਹੋਏ। ਦਰ ਅਸਲ ਇਹ ਕਾਢ ਬਿਜਲੀ ਨਾਲ਼ ਸਬੰਧਿਤ ਕਈ ਸਿਲਸਿਲੇਵਾਰ ‘ਉਪ-ਕਾਢਾਂ’ ਦਾ ਸਮੂਹ ਹੈ। ਇਸ ਦਾ ਬਹੁਤ ਤੇਜੀ ਨਾਲ਼ ਪਸਾਰ ਹੋਇਆ ਅਤੇ ਅੱਜ ਇਹ ਮਨੁੱਖੀ ਜੀਵਨ ਦੇ ਹਰ ਖੇਤਰ ’ਚ ਦਾਖਲ ਹੋ ਚੁੱਕੀ ਹੈ ਕਿਉਂਕਿ ਇਹ ਊਰਜਾ (Energy) ਦਾ ਸ੍ਰੋਸ਼ਟ, ਸਾਫ-ਸੁਥਰਾ, ਪ੍ਰਭਾਵ-ਕਾਰੀ, ਹਰ-ਵਕਤ ਹਾਜ਼ਰ, ਵਰਤਣ ’ਚ ਸੌਖਾ ਅਤੇ ਸ਼ੋਰ-ਰਹਿਤ ਜ਼ਰੀਆ ਹੈ।

ਊਰਜਾ ਕੰਮ ਕਰ ਸਕਣ ਦੀ ਸਮਰੱਥਾ ਦਿੰਦੀ ਹੈ ਜਿਵੇਂ ਕਿ ਸਰੀਰ ਨੂੰ ਖੁਰਾਕ ਦੀ ਊਰਜਾ ਅਤੇ ਕਾਰ ਨੂੰ ਪਟਰੌਲ ਦੀ ਊਰਜਾ ਦਿੰਦੀ ਹੈ। ਇਹ ਮਨੁੱਖੀ ਹੋਂਦ ਦਾ ਮੁੱਖ ਆਧਾਰ ਹੈ ਅਤੇ ਇਸ ਦੇ ਕਈ ਸਾਧਨ ਹਨ ਜਿਵੇਂ ਕਿ ਖੁਰਾਕ, ਕੋਲਾ, ਕੁਦਰਤੀ ਗੈਸ, ਖਣਿਜ ਤੇਲ, ਧੁੱਪ, ਹਵਾ, ਪਾਣੀ, ਪਰਮਾਣੂ, ਧਰਤੀ ਹੇਠਲੀ ਗਰਮੀ, ਸਮੁੰਦਰੀ ਲਹਿਰਾਂ ਆਦਿ। ਇਹ ਸਭ ਕੁਦਰਤ ਦੇ ਤੋਹਫ਼ੇ ਹਨ ਅਤੇ ਇਨ੍ਹਾਂ ਦੀ ਵਰਤੋਂ ਸਾਡਾ ਹੱਕ ਹੈ ਅਤੇ ਸਦ-ਵਰਤੋਂ ਸਾਡਾ ਫਰਜ਼ ਹੈ। ਇਹ ਸਭ ਰਲ਼ ਕੇ ਮਾਡਰਨ ਸ਼ੈਲੀ ਦੇ ਜੀਵਨ, ਹਰ ਤਰ੍ਹਾਂ ਦੇ ਛੋਟੇ-ਵੱਡੇ ਉਦਯੋਗ, ਸਭ ਖਾਧ-ਵਸਤੂਆਂ ਦੀ ਉਪਜ ਅਤੇ ਪ੍ਰਾਪਤੀ ਅਤੇ ਆਵਾਜਾਈ ਆਦਿ ਦੀਆਂ ਕੁੱਲ ਊਰਜਾ-ਲੋੜਾਂ ਪੂਰੀਆਂ ਕਰ ਰਹੇ ਹਨ। ਹਰ ਇੱਕ ਸਾਧਨ ਦੇ ਆਪਣੇ ਵਿਸ਼ੇਸ਼ ਗੁਣ (ਅਤੇ ਤਰੁੱਟੀਆਂ) ਹਨ ਜਿਨ੍ਹਾਂ ਕਰ ਕੇ ਇਹ ਸਾਰੇ ਹੀ ਆਪੋ-ਆਪਣੀ ਜਗ੍ਹਾ ਉਪਯੋਗੀ ਹਨ ਅਤੇ ਮੌਕੇ ਅਤੇ ਹਾਲਾਤਾਂ ਅਨੁਸਾਰ ਵਰਤੇ ਜਾਂਦੇ ਹਨ। ਬਿਜਲੀ ਇਨ੍ਹਾਂ ’ਚੋਂ ਇੱਕ ਹੈ ਜੋ ਸੰਸਾਰ ਦੀਆਂ ਕੁੱਲ ਊਰਜਾ ਲੋੜਾਂ ਦਾ ਅੱਜ ਵੀ ਸਿਰਫ 20% ਹਿੱਸਾ ਹੈ। ਬਿਜਲੀ ਅਤੇ ਕੁੱਲ ਊਰਜਾ ਦਾ ਇਹ ਫਰਕ ਸਮਝਣਾ ਜ਼ਰੂਰੀ ਹੈ; ਇਸ ਬਾਰੇ ਭੁਲੇਖਾ ਲੱਗਣਾ ਇੱਕ ਸਧਾਰਨ ਗੱਲ ਹੈ।

ਦਿਲਚਸਪ ਗੱਲ ਇਹ ਹੈ ਕਿ ਬਿਜਲੀ ਆਪ ਊਰਜਾ ਦਾ ਮੂਲ ਸਾਧਨ ਨਹੀਂ, ਬਲਕਿ ਹੋਰ ਸਾਧਨਾਂ ਦੀ ਊਰਜਾ ਨੂੰ ਵਰਤਣ ਦਾ ਜ਼ਰੀਆ ਹੈ। ਬਿਜਲੀ ਤੋਂ ਪਹਿਲਾਂ ਊਰਜਾ ਦਾ ਮੁੱਖ ਸਾਧਨ ਕੋਲਾ ਸੀ ਅਤੇ ਕੋਲੇ ਤੋਂ ਪਹਿਲਾਂ ਮਨੁੱਖੀ ਸਰੀਰ, ਪਸ਼ੂ, ਹਵਾ, ਪਾਣੀ, ਦਰਖ਼ਤ, ਫਸਲਾਂ ਦੀ ਰਹਿੰਦ-ਖੂੰਹਦ ਅਤੇ ਪਸ਼ੂਆਂ ਦਾ ਗੋਹਾ ਆਦਿ ਸਨ। ਤਕਨਾਲੋਜੀ ਅਤੇ ਹਾਲਾਤਾਂ ਅਨੁਸਾਰ ਪਹਿਲੇ ਸਾਧਨਾਂ ਨੂੰ ਛੱਡ ਕੇ ਨਵਿਆਂ ਨੂੰ ਅਪਨਾਉਣ ਨੂੰ ‘ਊਰਜਾ-ਪਰਿਵਰਤਨ’ (Energy Transition) ਕਿਹਾ ਜਾਂਦਾ ਹੈ ਅਤੇ ਇਹ ਮਨੁੱਖ ਦੇ ਸਮੁੱਚੇ ਵਿਕਾਸ ਦੀ ਮਹੱਤਵ-ਪੂਰਨ ਕਿਰਿਆ ਰਹੀ ਹੈ। ਅੱਜ ਵੀ ਸੰਸਾਰ ਫੌਸਿਲ ਫਿਊਲਾਂ (ਕੋਲਾ, ਕੁਦਰਤੀ ਗੈਸ, ਖਣਿਜ ਤੇਲ) ਦੀ ਵਰਤੋਂ ਨੂੰ ਘਟਾ ਕੇ ਬਿਜਲੀ ਦੀ ਵਰਤੋਂ ਨੂੰ ਵਧਾਉਣ ਦੇ ‘ਊਰਜਾ-ਪਰਿਵਰਤਨ’ ਦੇ ਦੌਰ ’ਚੋਂ ਲੰਘ ਰਿਹਾ ਹੈ। ਇਹ ਅੱਜ ਦੇ ਸੰਸਾਰ ਨੂੰ ਦਰ-ਪੇਸ਼ ਸਭ ਤੋਂ ਵੱਧ ਵੰਗਾਰ-ਮਈ ਕੰਮਾਂ ’ਚੋਂ ਇੱਕ ਹੈ ਕਿਉਂਕਿ ਇਹ ਪਹਿਲੇ ਪਰਿਵਰਤਨਾਂ ਤੋਂ ਭਿੰਨ ਹੈ। ਵਰਣਨ-ਯੋਗ ਹੈ ਕਿ ‘ਵਾਤਾਵਰਨ ਪਰਿਵਰਤਨ’ (Climate Change) ਅਤੇ ‘ਊਰਜਾ ਪਰਿਵਰਤਨ’ (Energy Transition) ਦੋ ਅੱਡ-ਅੱਡ ਖੇਤਰ ਹਨ ਪਰ ਇੱਕ-ਦੂਜੇ ਨਾਲ਼ ਅਟੁੱਟ ਤਰੀਕੇ ਨਾਲ਼ ਜੁੜੇ ਹੋਏ ਹਨ। ਦੂਜਾ, ਪਹਿਲੇ ਦੀਆਂ ਪੈਦਾ ਕੀਤੀਆਂ ਸਮੱਸਿਆਵਾਂ ਨੂੰ ਹੱਲ ਕਰਨ ਦਾ ਇੱਕ ਢੰਗ ਹੈ।

ਕੋਲਾ-ਯੁਗ (ਜੋ ਢਾਈ ਸੌ ਸਾਲ ਪਹਿਲਾਂ ਸ਼ੁਰੂ ਹੋਇਆ) ਤੋਂ ਪਹਿਲਾਂ ਊਰਜਾ ਦੀ ਕੁੱਲ ਲੋੜ ਅੱਜ ਦੇ ਮੁਕਾਬਲੇ ’ਚ ਨਾਂਹ-ਮਾਤਰ ਸੀ। ਪਹਿਲਾਂ ਭਾਫ਼ ਇੰਜਣ, ਫਿਰ ਕਾਰਾਂ ਅਤੇ ਬਿਜਲੀ ਦੀਆਂ ਕਾਢਾਂ ਨਾਲ਼ ਸੰਸਾਰ ਦੀਆਂ ਊਰਜਾ-ਲੋੜਾਂ ’ਚ ਬੇ-ਥਾਹ ਵਾਧਾ ਹੋਇਆ ਅਤੇ ਹੁਣ ਵੀ ਹੋਈਂ ਜਾ ਰਿਹਾ ਹੈ। ਇਸ ਸਮੇਂ ਦੌਰਾਨ ਅਬਾਦੀ ਦੇ ਦਸ ਗੁਣਾ ਵਾਧੇ ਦੇ ਬਾਵਜੂਦ ਕੁੱਲ ਊਰਜਾ ਦੀ ਪ੍ਰਤੀ ਜੀਅ ਖਪਤ 700 ਗੁਣਾ ਵਧੀ ਹੈ। ਇਹ ਖਪਤ ਜਿੱਥੇ ਸਾਡੀ ਅਭੂਤ-ਪੂਰਵ ਬਹੁ-ਪੱਖੀ ਤਰੱਕੀ ਦਾ ਵੱਡਾ ਕਾਰਨ ਬਣੀ ਹੈ ਓਥੇ ਨਾਲ਼ ਹੀ ਇਹ ਵਿਸ਼ਵ-ਵਿਆਪੀ ਵਾਤਾਵਰਨਿਕ ਸਮੱਸਿਆ ਦਾ ਕਾਰਨ ਵੀ ਬਣੀ ਹੈ। ਇਸ ਸਮੱਸਿਆ ਦਾ ਸਭ ਤੋਂ ਵੱਡਾ ਕਾਰਨ ਫੌਸਿਲ ਫਿਊਲਾਂ ਅਰਥਾਤ ਕੋਲੇ, ਕੁਦਰਤੀ ਗੈਸ ਅਤੇ ਖਣਿਜ ਤੇਲ ਦੀ ਅੰਧਾ-ਧੁੰਧ ਅਤੇ ਬੇ-ਲੋੜੀ ਵਰਤੋਂ ਹੈ। ਬਾਕੀ ਸਾਧਨ ਅਰਥਾਤ ਧੁੱਪ, ਹਵਾ, ਪਾਣੀ, ਪਰਮਾਣੂ, ਸਮੁੰਦਰੀ ਲਹਿਰਾਂ ਅਤੇ ਧਰਤੀ ਹੇਠਲੀ ਗਰਮੀ ਪ੍ਰਦੂਸ਼ਣ-ਰਹਿਤ ਹਨ, ਪਰ ਇਨ੍ਹਾਂ ਦੀ ਹਿੱਸੇਦਾਰੀ ਬਹੁਤ ਘੱਟ ਹੈ। ਬਿਜਲੀ ਦੀ ਸਿਫਤ ਇਹ ਹੈ ਕਿ ਇਹ ਦੋਹਾਂ ਕਿਸਮਾਂ ਦੇ ਸਾਧਨਾਂ ਤੋਂ ਬਣਾਈ ਜਾ ਸਕਦੀ ਹੈ ਅਤੇ ਬਣਾਈ ਜਾ ਰਹੀ ਹੈ ਪਰ ਸਭ ਤੋਂ ਵੱਧ ਫੌਸਿਲ ਫਿਊਲਾਂ ਤੋਂ ਹੀ ਬਣਾਈ ਜਾ ਰਹੀ ਹੈ। ਸੋ ਇਸ ਦਾ ਉਤਪਾਦਨ ਵੀ ਵਾਤਾਵਰਨ ਨੂੰ ਪ੍ਰਦੂਸ਼ਿਤ ਕਰ ਰਿਹਾ ਹੈ ਭਾਵੇਂ ਕਿ ਇਹ ਕੇਵਲ ਪੰਜਵਾਂ ਹਿੱਸਾ ਹੈ। ਇਸ ਤੋਂ ਸਪਸ਼ਟ ਹੈ ਕਿ ਜੇ ਸਾਰੀ ਬਿਜਲੀ ਨੂੰ ਪ੍ਰਦੂਸ਼ਣ-ਰਹਿਤ ਕਰ ਵੀ ਲਿਆ ਜਾਵੇ ਤਾਂ ਵੀ ਅਸੀਂ ਪ੍ਰਦੂਸ਼ਣ ਨੂੰ ਪੂਰੀ ਤਰ੍ਹਾਂ ਨਹੀਂ ਰੋਕ ਸਕਾਂਗੇ ਕਿਉਂਕਿ ਹੋਰ ਖੇਤਰ ਵਾਤਾਵਰਨ ਨੂੰ ਵੱਧ ਪ੍ਰਦੂਸ਼ਿਤ ਕਰ ਰਹੇ ਹਨ। ਜਿਵੇਂ ਕਿ ਹਵਾਈ ਅਤੇ ਸਮੁੰਦਰੀ ਜਹਾਜ, ਖੇਤੀ-ਬਾੜੀ ਦੀ ਮਸ਼ੀਨਰੀ ਅਤੇ ਖਾਦਾਂ ਦਾ ਉਤਪਾਦਨ, ਟਰੱਕਿੰਗ, ਸਟੀਲ, ਸੀਮਿੰਟ, ਅਮੋਨੀਆ ਅਤੇ ਪਲਾਸਟਿਕ ਦਾ ਉਤਪਾਦਨ, ਲੁੱਕ, ਲੁਬਰੀਕੈਂਟ ਆਦਿ ਦੀਆਂ ਜ਼ਰੂਰਤਾਂ। ਫਿਰ ਵੀ ਬਿਜਲੀ ਦੇ ਉਤਪਾਦਨ ਨੂੰ ਪ੍ਰਦੂਸ਼ਣ-ਰਹਿਤ ਕਰਨ ਤੇ ਬਹੁਤਾ ਧਿਆਨ ਦਿੱਤਾ ਜਾ ਰਿਹਾ ਹੈ, ਕਿਉਂਕਿ ਇਹ ਵੱਧ ਸੰਭਵ ਹੈ।

ਬਿਜਲੀ ਪੈਦਾ ਕਰਨ ਵਾਲ਼ੇ ਵੱਡੇ ਬਿਜਲੀ-ਘਰ ਆਮ ਕਰ ਕੇ ਅਬਾਦੀ ਤੋਂ ਬਹੁਤ ਦੂਰ ਹੁੰਦੇ ਹਨ। ਓਥੋਂ ਇਸ ਨੂੰ ਘਰ-ਘਰ ਅਤੇ ਹੋਰ ਵਰਗਾਂ ਦੇ ਵੱਡੇ ਖਪਤਕਾਰਾਂ ਤੱਕ ਪਹੁੰਚਾਉਣਾ ਤਕਨੀਕੀ ਪੱਖੋਂ ਜਿੰਨਾ ਗੁੰਝਲਦਾਰ, ਔਖਾ ਅਤੇ ਮਹਿੰਗਾ ਕੰਮ ਹੈ, ਓਨਾ ਹੀ ਵਰਤੋਂ ਪੱਖੋਂ ਸਰਲ ਅਤੇ ਸਾਫ-ਸੁਥਰਾ ਹੈ। ਇਸ ਨੂੰ ਸਟੋਰ ਕਰਨ ਦੀ ਲੋੜ ਨਹੀਂ ਪੈਂਦੀ; ਦਰਅਸਲ ਇਹ ਸਟੋਰ ਕੀਤੀ ਹੀ ਨਹੀਂ ਜਾ ਸਕਦੀ (ਛੁੱਟ ਥੋੜੀ-ਬਹੁਤ ਦੇ) ਅਤੇ ਇਹ ਬਿਜਲੀ ਦਾ ਨੁਕਸ ਮੰਨਿਆ ਜਾਂਦਾ ਹੈ। ਸਭ ਸਾਧਨਾਂ ਤੋਂ ਬਣੀਆਂ ਬਿਜਲੀਆਂ ਇੱਕੋ ਜਿਹੀਆਂ ਹੁੰਦੀਆਂ ਹਨ ਅਤੇ ਇਨ੍ਹਾਂ ਸਭ ਨੂੰ ਇਕੱਠਾ ਕਰ ਕੇ ਹੀ ਅੱਗੇ ਇਸ ਦੀ ਵੰਡ-ਵੰਡਾਈ ਕੀਤੀ ਜਾਂਦੀ ਹੈ। ਇਹ ਊਰਜਾ ਦੇ

ਹੋਰ ਸਾਧਨਾਂ ਵਾਂਗ ਦਿਸਦੀ ਨਹੀਂ। ਇਸ ਦੀ ਮੌਜੂਦਗੀ ਇਸ ਦੇ ਤਿੰਨ ਅਸਰਾਂ (ਸਿਰਫ਼) ਤੋਂ ਜਾਣੀ ਜਾ ਸਕਦੀ ਹੈ, ਜਿਨ੍ਹਾਂ ਰਾਹੀਂ ਅੱਗੇ ਇਸ ਤੋਂ ਅਨੇਕਾਂ ਕਿਸਮ ਦੇ ਕੰਮ ਲਏ ਜਾਂਦੇ ਹਨ।

- ਗਰਮੀ ਪੈਦਾ ਕਰਦੀ ਹੈ (Generates heat)
- ਚੁੰਬਕੀ ਅਸਰ ਪੈਦਾ ਕਰਦੀ ਹੈ (Creates magnetic effects)
- ਰਸਾਇਣਕ ਅਸਰ ਪੈਦਾ ਕਰਦੀ ਹੈ (Creates chemical effects)

ਬਿਜਲੀ ਮਨੁੱਖਤਾ ਲਈ ਕੁਦਰਤ ਦਾ ਇੱਕ ਅਨੋਖਾ ਵਰਦਾਨ ਸਾਬਤ ਹੋਈ ਹੈ। ਇਸ ਨੂੰ ਊਰਜਾ ਦੀ 'ਕਰੰਸੀ' ਕਿਹਾ ਜਾ ਸਕਦਾ ਹੈ ਕਿਉਂਕਿ ਇਹ ਕਈ ਸਾਧਨਾਂ ਤੋਂ ਬਣਾਈ ਜਾ ਸਕਦੀ ਹੈ ਅਤੇ ਐਸੇ ਅਨੇਕਾਂ ਕੰਮ ਕਰ ਸਕਦੀ ਹੈ ਜੋ ਊਰਜਾ ਦੇ ਮੂਲ ਸਾਧਨ ਬਿਲਕੁਲ ਨਹੀਂ ਕਰ ਸਕਦੇ। ਉਦਾਹਰਣ ਵਜੋਂ ਕੋਲੇ ਦੀ ਊਰਜਾ ਸਿਰਫ਼ ਗਰਮੀ ਦਿੰਦੀ ਹੈ ਪਰ ਜਦ ਇਸ ਨੂੰ ਬਿਜਲੀ 'ਚ ਬਦਲ ਲੈਂਦੇ ਹਾਂ ਤਾਂ ਇਹ ਅਣਗਿਣਤ ਕੰਮ ਕਰ ਸਕਦੀ ਹੈ। ਇਹ ਕਿਤੇ ਠੰਡਾ ਕਰੀਂ ਜਾਂਦੀ ਹੈ ਕਿਤੇ ਗਰਮ। ਐਲੀਵੇਟਰ ਨੂੰ ਉੱਪਰ ਵੀ ਓਹੀ ਬਿਜਲੀ ਲਿਜਾਂਦੀ ਹੈ ਜੋ ਇਸ ਨੂੰ ਥੱਲੇ ਲੈ ਕੇ ਆਉਂਦੀ ਹੈ। ਮਸ਼ੀਨਰੀ ਨੂੰ ਚਲਾਉਂਦੀ ਵੀ ਇਹ ਹੈ ਅਤੇ ਬਰੇਕਾਂ ਵੀ ਇਹ ਲਾਉਂਦੀ ਹੈ। ਲੋਹੇ ਆਦਿ ਧਾਤਾਂ ਨੂੰ ਕੱਟ ਵੀ ਦਿੰਦੀ ਹੈ ਜੋੜ ਵੀ ਦਿੰਦੀ ਹੈ। ਬੱਚਿਆਂ ਦੇ ਖਿਡੌਣਿਆਂ, ਹੱਥਾਂ ਤੇ ਬੰਨ੍ਹੀਆਂ ਘੜੀਆਂ ਤੇ ਜੇਬਾਂ 'ਚ ਪਾਏ ਮੋਬਾਈਲਾਂ ਤੋਂ ਲੈ ਕੇ ਹਵਾਈ ਅਤੇ ਸਮੁੰਦਰੀ ਜਹਾਜਾਂ 'ਚ ਅਤੇ ਡਾਕਟਰਾਂ ਦੇ ਹੱਥਾਂ 'ਚ ਫੜੇ ਔਜ਼ਾਰਾਂ 'ਚ ਇੱਕੋ ਬਿਜਲੀ ਕੰਮ ਕਰਦੀ ਹੈ। ਅਨੇਕਾਂ ਤਰ੍ਹਾਂ ਦੀਆਂ ਮਸ਼ੀਨਾਂ ਜਿਹੜੀਆਂ ਹੋਰ ਕਿਸਮ ਦੀ ਊਰਜਾ ਨਾਲ਼ ਚਲਦੀਆਂ ਹਨ, ਨੂੰ ਵੀ ਬਿਜਲੀ ਦੀ ਲੋੜ ਹੈ ਜਿਵੇਂ ਕਿ ਪਟਰੌਲ ਜਾਂ ਡੀਜ਼ਲ ਦੀਆਂ ਕਾਰਾਂ ਨੂੰ।

ਬਿਜਲੀ ਦੀਆਂ ਦੋ ਸਭ ਤੋਂ ਲਾਭਦਾਇਕ ਅਤੇ ਸਰਵ-ਵਿਆਪੀ ਖੋਜਾਂ ਹਨ: ਰੌਸ਼ਨੀ ਅਤੇ ਮੋਟਰਾਂ (Lighting and Motors)। ਮੋਟਰ ਇੱਕ ਵਚਿੱਤਰ ਕਾਢ ਹੈ ਜੋ ਬਣੀ ਹੋਈ ਬਿਜਲੀ ਨੂੰ ਉਲਟਾ ਫਿਰ ਮਕੈਨੀਕਲ ਊਰਜਾ 'ਚ ਬਦਲ ਦਿੰਦੀ ਹੈ। ਇਨ੍ਹਾਂ ਰਾਹੀਂ ਬਿਜਲੀ ਨੇ ਸੰਸਾਰ ਦੇ ਵਿਕਾਸ ਦੀ ਪਹਿਲੀ ਸਟੇਜ 'ਚ ਮੁੱਖ ਭੂਮਿਕਾ ਨਿਭਾਈ ਹੈ। ਇਸ ਨੇ ਰੌਸ਼ਨੀ ਦੇ ਸਾਰੇ ਪੁਰਾਣੇ ਢੰਗਾਂ (ਮੋਮ-ਬੱਤੀਆਂ, ਕੋਲੇ ਦੀ ਗੈਸ, ਮਿੱਟੀ ਦਾ ਤੇਲ ਆਦਿ) ਨੂੰ ਬਦਲ ਕੇ ਰੌਸ਼ਨੀ ਦੇ ਮਿਆਰ 'ਚ ਬਹੁਤ ਵਾਧਾ ਵੀ ਕੀਤਾ ਅਤੇ ਇਸ ਨੂੰ ਸੁਰੱਖਿਅਤ ਅਤੇ ਸਿਹਤ ਪੱਖੋਂ ਹਾਨੀ-ਰਹਿਤ ਵੀ ਬਣਾਇਆ। ਅੱਜ ਦੇ ਸੋਡੀਅਮ ਲੈਂਪ ਮੋਮ-ਬੱਤੀਆਂ ਤੋਂ ਇੱਕ ਹਜ਼ਾਰ ਗੁਣਾ ਵੱਧ ਅਤੇ ਵਧੀਆ ਰੌਸ਼ਨੀ ਦਿੰਦੇ ਹਨ। ਅੱਜ ਬਿਜਲੀ ਸਾਰੇ ਸੰਸਾਰ ਦੇ ਚੱਪੇ-ਚੱਪੇ ਨੂੰ ਰੁਸ਼ਨਾ ਰਹੀ ਹੈ। ਨਾਲ਼ ਹੀ ਮੋਟਰਾਂ ਨੇ ਹਰ ਕਿਸਮ ਦੇ ਛੋਟੇ-ਵੱਡੇ ਉਦਯੋਗ ਦਾ ਪੂਰਾ ਮੁਹਾਂਦਰਾ ਵੀ ਬਦਲਿਆ ਹੈ ਅਤੇ ਉਤਪਾਦਨ 'ਚ ਵੀ ਅਥਾਹ ਵਾਧਾ ਕੀਤਾ ਹੈ। ਵੱਡੇ ਸ਼ਹਿਰਾਂ 'ਚ ਪਾਣੀ ਦੀ ਸਪਲਾਈ ਦਾ ਪ੍ਰਬੰਧ ਮੋਟਰਾਂ ਨਾਲ਼ ਸੰਭਵ ਹੈ। ਰੇਲਾਂ ਇਨ੍ਹਾਂ ਨਾਲ਼ ਚਲਦੀਆਂ ਹਨ। ਤੇਲਾਂ ਅਤੇ ਗੈਸਾਂ ਨੂੰ ਹਜ਼ਾਰਾਂ ਕਿਲੋਮੀਟਰਾਂ ਤੱਕ ਪਹੁੰਚਾਉਣ ਵਾਲ਼ੀਆਂ ਵੱਡੀਆਂ-ਵੱਡੀਆਂ ਪਾਈਪਾਂ ਵਿੱਚ ਇਨ੍ਹਾਂ ਨੂੰ ਅੱਗੇ ਤੋਰਨ ਲਈ ਬਿਜਲੀ ਦੀਆਂ ਮੋਟਰਾਂ ਦੀ ਲੋੜ ਹੈ। ਇਨ੍ਹਾਂ ਨੇ ਸਾਡਾ ਜੀਵਨ ਇਸ ਹੱਦ ਤੱਕ ਅਰਾਮ-ਦਾਇਕ ਕੀਤਾ ਹੈ ਕਿ ਕਾਰ ਦੇ ਸ਼ੀਸ਼ੇ ਵੀ ਇਨ੍ਹਾਂ ਨਾਲ਼ ਖੁਲ੍ਹਦੇ-ਬੰਦ ਹੁੰਦੇ ਹਨ। ਅੱਜ ਕਣਕ ਦੇ ਦਾਣੇ ਦੇ ਆਕਾਰ ਦੀਆਂ ਮੋਟਰਾਂ ਤੋਂ ਲੈ ਕੇ ਇਕ-ਇਕ ਲੱਖ ਹੌਰਸ-ਪਾਵਰ ਤੱਕ ਦੀਆਂ ਮੋਟਰਾਂ ਬਣ ਚੁੱਕੀਆਂ ਹਨ।

ਦੂਜੀ ਸਟੇਜ 'ਚ ਬਿਜਲੀ ਕਰ ਕੇ ਐਸੀਆਂ ਨਵੀਆਂ ਕਾਢਾਂ ਸੰਭਵ ਹੋ ਸਕੀਆਂ ਹਨ ਜਿਨ੍ਹਾਂ ਦੀ ਜਨਮ-ਦਾਤੀ ਅਤੇ ਜਿੰਦ-ਜਾਨ ਪੂਰਨ ਤੌਰ ਤੇ ਬਿਜਲੀ ਹੈ। ਉਦਾਹਰਣ ਵਜੋਂ ਕੰਪਿਊਟਰ ਅਤੇ ਡਾਕਟਰੀ ਪੇਸ਼ੇ ਨਾਲ਼ ਜੁੜੀ ਮਸ਼ੀਨਰੀ ਅਤੇ ਜੁੜੇ ਔਜ਼ਾਰ। ਬਿਜਲੀ ਤੋਂ ਬਿਨਾ ਦੂਰ-ਸੰਚਾਰ ਸਾਧਨ ਸੰਭਵ ਹੀ ਨਹੀਂ ਜੋ ਅੱਜ ਦੀ ਤਰੱਕੀ ਦਾ ਵੱਡਾ ਕਾਰਨ ਹਨ। ਇੰਟਰਨੈੱਟ ਅਤੇ ਸੋਸ਼ਲ ਮੀਡੀਆ ਵੀ ਇਸ ਦੀ ਹੀ ਦੇਣ ਹਨ। ਸਰਵਿਸ ਸੈਕਟਰ (ਹੋਟਲ, ਮਨ-ਪ੍ਰਚਾਵੇ, ਸੈਰ-ਸਪਾਟੇ ਆਦਿ) ਪੂਰੀ ਤਰ੍ਹਾਂ ਬਿਜਲੀ ਤੇ ਨਿਰਭਰ ਹੈ। ਥੋੜਾ ਸਮਾਂ ਪਹਿਲਾਂ ਹੀ ਪਰਚੱਲਤ ਹੋਈ ਈ-ਕਮਰਸ ਰਾਹੀਂ ਖਰੀਦ-ਵੇਚ ਇਸ ਦੀ ਉਪਜ ਹੈ। ਪੂਰੀ ਤਰ੍ਹਾਂ ਬਿਜਲੀ ਤੇ ਨਿਰਭਰ ਇਨ੍ਹਾਂ ਕਾਢਾਂ ਦੇ ਅਣ-ਕਿਆਸੇ ਲਾਭ ਹੋਏ ਹਨ। ਇਨ੍ਹਾਂ ਤੋਂ ਬਗੈਰ ਅੱਜ ਦਾ ਸੰਸਾਰ ਅਸੰਭਵ ਹੈ। ਇਹ ਕੰਮ ਬਿਜਲੀ ਦੇ ਲਾਭਾਂ ਦੀ ਲਿਸਟ ਨਹੀਂ, ਸਿਰਫ਼ ਕੁਛ ਸਰਲ ਉਦਾਹਰਣਾਂ ਹਨ। ਇਸ ਤਰ੍ਹਾਂ ਬਿਜਲੀ, ਊਰਜਾ ਦੇ ਸਭ ਸਾਧਨਾਂ ਦਾ ਸਿਰਮੌਰ ਸਾਧਨ ਹੈ।

ਗੁਣਾਂ ਪੱਖੋਂ ਸਿਰਮੌਰ ਹੋਣ ਦੇ ਬਾਵਜੂਦ ਇਹ ਸੰਸਾਰ ਭਰ 'ਚ ਅਤੇ ਖਾਸ ਕਰ ਕੇ ਭਾਰਤ 'ਚ, ਸਭ ਤੋਂ ਵੱਧ ਨਿਯੰਤਰਤ ਊਰਜਾ ਸੇਵਾ ਹੈ। ਕੇਂਦਰ ਜਾਂ ਸੂਬਾ ਸਰਕਾਰਾਂ ਦੀ ਤਾਂ ਗੱਲ ਹੀ ਛਡ ਦੇਈਏ, ਮਿਉਂਸਪਲ ਕਮੇਟੀਆਂ ਵੀ ਇਸ ਬਾਰੇ ਕਨੂੰਨ ਬਣਾਈਂ ਜਾਂਦੀਆਂ ਹਨ। ਇਹ ਬਹੁਤਾ ਸਰਕਾਰੀ ਜਾਂ ਅਰਧ-ਸਰਕਾਰੀ ਪ੍ਰਬੰਧਾਂ ਹੇਠਾਂ ਕੰਮ ਕਰਦੀ ਹੈ ਅਤੇ ਰਾਜਨੀਤਕ ਲੀਡਰਾਂ ਦੇ ਰਹਿਮੇ-ਕਰਮ ਤੇ ਹੈ। ਇਸ ਬਾਰੇ ਵੱਧ ਫੈਸਲੇ ਰਾਜਨੀਤਕ ਸਟੇਜਾਂ ਤੋਂ ਹੁੰਦੇ ਹਨ ਅਤੇ ਇਨ੍ਹਾਂ ਫੈਸਲਿਆਂ 'ਚ ਵਿਸ਼ੇਸ਼ਗਾਂ, ਪ੍ਰਬੰਧਕਾਂ ਜਾਂ ਆਰਥਿਕ ਮਾਹਿਰਾਂ ਦੀ ਬਹੁਤੀ ਭੂਮਿਕਾ ਨਹੀਂ ਹੁੰਦੀ। ਇਸ ਕਰ ਕੇ ਇਹ ਬਦ-ਇੰਤਜ਼ਾਮੀ, ਚੋਰੀ ਅਤੇ ਮੁਫਤ-ਖੋਰੀ ਦੀ ਸ਼ਿਕਾਰ ਹੈ। ਬਿਜਲੀ ਨਾਲ਼ ਜੁੜੀ ਅਗਲੀ ਨਿਰਾਸ਼ਾ-ਜਨਕ ਗੱਲ ਇਹ ਹੈ ਕਿ

ਇਸ ਦੀਆਂ ਸੁਵਿਧਾਵਾਂ ਸਭ ਮਨੁੱਖਾਂ ਨੂੰ ਪ੍ਰਾਪਤ ਨਹੀਂ। ਇੱਕ ਪਾਸੇ ਇਸ ਦੀ ਦੁਰ-ਵਰਤੋਂ ਹੋ ਰਹੀ ਹੈ ਅਤੇ ਦੂਜੇ ਪਾਸੇ ਲੋਕ ਇਸ ਵਾਸਤੇ ਤਰਸ ਰਹੇ ਹਨ। ਇਹ ਨਾਂ-ਬਰਾਬਰੀ ਸਮੱਸਿਆ ਨੂੰ ਗੰਭੀਰ ਅਤੇ ਗੁੰਝਲ਼ਦਾਰ ਬਣਾਉਂਦੀ ਹੈ ਕਿ ਧਰਤੀ ਦਾ ਵਾਤਾਵਰਨ ਪਹਿਲਾਂ ਹੀ ਵਿਨਾਸ਼ ਦੀ ਕਗਾਰ ਤੇ ਹੈ ਜਦ ਕਿ ਅਰਬਾਂ ਲੋੜ-ਵੰਦਾਂ ਨੂੰ ਜਿਉਣ-ਜੋਗੀਆਂ ਸਹੂਲਤਾਂ ਦੇਣਾ ਅਜੇ ਬਾਕੀ ਹੈ।

ਆਪਣੇ ਖਾਸ ਗੁਣਾਂ ਕਰ ਕੇ ਬਿਜਲੀ, ਕੁੱਲ ਊਰਜਾ ਦੇ ਉਤਪਾਦ ਕਰ ਕੇ ਵਧ ਰਹੇ ਪ੍ਰਦੂਸ਼ਣ ਨੂੰ ਘਟਾਉਣ ’ਚ ਬਹੁਤ ਵੱਡੀ ਭੂਮਿਕਾ ਨਿਭਾ ਸਕਦੀ ਹੈ ਕਿਉਂਕਿ ਇਹ ਪ੍ਰਦੂਸ਼ਣ-ਰਹਿਤ ਸਾਧਨਾਂ ਨੂੰ ਵਰਤ ਸਕਣ ਦੇ ਸਮਰੱਥ ਹੈ। ਇਸ ਪੱਖ ਤੋਂ ਇਹ ਬੇ-ਜੋੜ ਹੈ। ਇਸ ਕਰ ਕੇ ਹੀ ਯੂ.ਐੱਨ.ਓ ਵਲੋਂ ਵਾਤਾਵਰਨ-ਸੁਧਾਰ ਲਈ ਅਪਣਾਈਆਂ ਮੁੱਖ ਨੀਤੀਆਂ ਮੁੱਖ ਤੌਰ ਤੇ ਬਿਜਲੀ-ਕੇਂਦ੍ਰਿਤ ਹਨ ਅਤੇ ਦੂਵੱਲੀ ਪਹੁੰਚ ਵਾਲ਼ੀਆਂ ਹਨ। ਕੁੱਲ ਊਰਜਾ ਵਿੱਚ ਬਿਜਲੀ ਦੀ ਹਿੱਸੇਦਾਰੀ ਨੂੰ ਵਧਾਉਣਾ ਹੈ ਅਤੇ ਇਸ ਢੰਗ ਨਾਲ਼ ਵਧਾਉਣਾ ਹੈ ਕਿ ਇਸ ਦੇ ਉਤਪਾਦਨ ’ਚ ਫੌਸਿਲ ਫਿਊਲਾਂ ਦੀ ਹਿੱਸੇਦਾਰੀ ਘਟਦੀ ਜਾਵੇ ਅਤੇ ਸੂਰਜੀ, ਹਵਾ, ਪਾਣੀ, ਪਰਮਾਣੂ ਆਦਿ ਸਾਧਨਾਂ ਦੀ ਵਧਦੀ ਜਾਵੇ। ਇਹ ਹੀ ‘ਊਰਜਾ ਪਰਿਵਰਤਨ’ (Energy Transition) ਹੈ ਜਿਸ ਦਾ ਪਹਿਲਾਂ ਜ਼ਿਕਰ ਆਇਆ ਹੈ। ਲੱਗ-ਭੱਗ ਸਾਰੇ ਵਿਸ਼ਵ-ਪ੍ਰਸਿੱਧ ਵਾਤਾਵਰਨ-ਪ੍ਰੇਮੀ ਅਸੂਲੀ ਤੌਰ ਤੇ ਯੂ.ਐੱਨ.ਓ ਦੀਆਂ ਇਨ੍ਹਾਂ ਨੀਤੀਆਂ ਦੇ ਪੁਰ-ਜ਼ੋਰ ਹਾਮੀ ਹਨ, ਪਰ ਇਨ੍ਹਾਂ ਗੱਲਾਂ ਦੇ ਵੱਧ ਮੁਦਈ ਹਨ ਕਿ ਊਰਜਾ ਦੀਆਂ ਕੁੱਲ ਲੋੜਾਂ ਨੂੰ ਸੰਜਮ ਨਾਲ਼ ਅਤੇ ਕਾਨੂੰਨੀ ਢੰਗ ਵਰਤ ਕੇ ਘਟਾਇਆ ਜਾਵੇ, ਇਸ ਦੀ ਸਦ ਵਰਤੋਂ ਕੀਤੀ ਜਾਵੇ ਅਤੇ ਅਤੇ ਇਸ ਦੀ ਸਹੀ ਵੰਡ-ਵੰਡਾਈ ਨੂੰ ਪ੍ਰਾਥਮਿਕਤਾ ਦਿੱਤੀ ਜਾਵੇ। ਸਰ ਡੇਵਿਡ ਐਟਨਬਰਾ ਦੀ ਨਸੀਹਤ ਹੈ ਕਿ:

“ਸਾਡੇ ਵਾਸਤੇ ਅਤੀ ਜ਼ਰੂਰੀ ਹੈ ਕਿ ਅਸੀਂ ਨਾ-ਸਿਰਫ ਧਰਤੀ ਦੇ ਸੀਮਤ ਕੁਦਰਤੀ ਸਾਧਨਾਂ ਦੇ ਅੰਦਰ ਰਹੀਏ ਬਲਕਿ ਇਨ੍ਹਾਂ ਨੂੰ ਸਹੀ ਢੰਗ ਨਾਲ਼ ਵੰਡਣਾ ਵੀ ਸਿੱਖੀਏ।”

ਸਹੀ ਵੰਡ ਲਈ ਕੁਦਰਤ ਦੇ ਸਾਧਨਾਂ ਦਾ ਦੁਰ-ਉਪਯੋਗ ਕਰ ਕੇ ਅਯਾਸ਼ੀ ਦਾ ਜੀਵਨ ਜਿਉਂ ਰਹੇ ਅਮੀਰਾਂ ਤੇ ਕਾਨੂੰਨੀ ਅਤੇ ਸਮਾਜਿਕ ਪਾਬੰਦੀਆਂ ਲਾਉਣਾ ਸਮੇਂ ਦੀ ਲੋੜ ਹੈ। ਇਸ ਦਾ ਹੱਲ ਤਕਨਾਲੋਜੀ ਨਹੀਂ ਬਲਕਿ ਇਸ ਲਈ ਮੌਜੂਦਾ ਰਾਜਨੀਤਕ, ਆਰਥਿਕ ਅਤੇ ਸਮਾਜਿਕ ਪ੍ਰਬੰਧਾਂ ਅਤੇ ਪ੍ਰਣਾਲੀਆਂ ਨੂੰ ਬਦਲਣ ਦੀ ਲੋੜ ਹੈ। ਇਹ ਤਦ ਹੀ ਸੰਭਵ ਹੈ ਜਦ ਅਸੀਂ ਜਾਗਰੂਕ ਹੋ ਕੇ ਅਤੇ ਜਾਣਕਾਰ ਬਣ ਕੇ ਉਨ੍ਹਾਂ ਲੀਡਰਾਂ ਦੇ ਹੱਥ ਤਕੜੇ ਕਰਾਂਗੇ ਜੋ ਇਨ੍ਹਾਂ ਨੀਤੀਆਂ ਪ੍ਰਤੀ ਸੁਹਿਰਦ ਅਤੇ ਸਰਵ-ਸਾਂਝੀਵਾਲਤਾ ਦੇ ਪੁਰ-ਜ਼ੋਰ ਹਮਾਇਤੀ ਹਨ।

(ਨੋਟ :- ਇਸ ਲੇਖ ਦਾ ਮੁੱਖ ਆਧਾਰ ਕਨੇਡਾ ਦੀ ਮੈਨੀਟੋਬਾ ਯੂਨੀਵਰਸਿਟੀ ਦੇ ਵਿਸ਼ਵ-ਪ੍ਰਸਿੱਧ ਸਾਇੰਸਦਾਨ ਅਤੇ ਊਰਜਾ-ਵਿਸ਼ੇਸ਼ਗ ਪ੍ਰੋ. ਵੈਕਲਫ ਸਮਿੱਲ ਦੀ ਬੈਸਟ-ਸੈੱਲਰ ਕਿਤਾਬ ‘How the World Really Works’ -2022 ਹੈ। ਇਸ ਵਿੱਚ ਦਿੱਤੇ ਤੱਥ ਅਤੇ ਅੰਕੜੇ ਉਨ੍ਹਾਂ ਪ੍ਰਤੀ ਬਣਦੇ ਮਾਣ-ਸਤਿਕਾਰ ਸਹਿਤ ਲਏ ਗਏ ਹਨ।)

ਇੰਜ ਈਸ਼ਰ ਸਿੰਘ ਪੰਜਾਬ ਰਾਜ ਬਿਜਲੀ ਬੋਰਡ ’ਚੋਂ ਚੀਫ਼ ਇੰਜੀਨੀਅਰ ਦੇ ਅਹੁਦੇ ਤੋਂ ਰਿਟਾਇਰ ਹੋਏ ਹਨ। ਆਪ ਬਿਜਲੀ ਮਹਿਕਮੇ ਦੇ ਦੋ ਅਹਿਮ ਖੇਤਰਾਂ, ਓਪਰੇਸ਼ਨ ਅਤੇ ਵਿਜੀਲੈਂਸ ਦੇ ਵਿਸ਼ੇਸ਼ਗ ਸਮਝੇ ਜਾਂਦੇ ਸਨ। ਸਰਵਿਸ ਦੌਰਾਨ ਆਪ ਨੂੰ ਯੂ ਐੱਨ ਓ ਦੀ ਇੱਕ ਖਾਸ ਸਕੀਮ ਅਧੀਨ 'ਹਾਇਰ ਮੈਨੇਜਮੈਂਟ ਕਨਸਲਟੈਂਸੀ' ਦੀ ਟ੍ਰੈਨਿੰਗ ਕਰਨ ਦਾ ਮੌਕਾ ਮਿਲਿਆ ਜਿਸ ਦੇ ਆਧਾਰ ਤੇ ਆਪ ਨੇ ਮਹਿਕਮੇ ’ਚ ਇੱਕ ਪੁਰਾਣੀ ਗੁੰਝਲ਼ਦਾਰ ਤਕਨੀਕੀ ਸਮੱਸਿਆ ਦਾ ਹੱਲ ਕੀਤਾ ਜਿਸ ਨੂੰ ਭਾਰਤ ਦੇ ਕਈ ਹੋਰ ਬਿਜਲੀ ਬੋਰਡਾਂ ’ਚ ਵੀ ਸਲਾਹਿਆ ਗਿਆ। ਓਦੋਂ ਤੋਂ ਹੀ ਮੈਨੇਜਮੈਂਟ ਅਤੇ ਬਿਜਲੀ ਖੇਤਰਾਂ ’ਚ ਯੂ ਐੱਨ ਓ ਨਾਲ਼ ਜੁੜੇ ਹਨ। ਅੱਜ ਕਲ੍ਹ ਵਿਗਿਆਨਕ ਕਿਸਮ ਦੇ ਲੇਖਾਂ ਰਾਹੀਂ ਪੰਜਾਬੀ ਬੋਲੀ ਦੀ ਸੇਵਾ ਕਰ ਰਹੇ ਹਨ। ਇਸ ਦੇ ਨਾਲ਼ ਹੀ 21 ਕਿਲੋਮੀਟਰ ਦੇ ਵਾਕਿੰਗ ਸਮਾਗਮਾਂ ’ਚ ਹਿੱਸਾ ਲੈਂਦੇ ਹਨ। ਇਸ 15 ਅਪ੍ਰੈਲ ਨੂੰ ਸੀ ਐੱਨ ਟਾਵਰ ਦੀਆਂ 1,776 ਪੌੜੀਆਂ ਚੜ੍ਹਨ ਦੇ ਮੁਕਾਬਲੇ ’ਚ ਆਪਣੇ ਏਜ-ਗਰੁੱਪ ’ਚ ਪਹਿਲੇ ਨੰਬਰ ਤੇ ਰਹੇ ਹਨ।

ਜੇ ਤੁਸੀਂ ਬ੍ਰਹਿਮੰਡ ਦਾ ਰਹੱਸ ਸਮਝਣਾ ਚਾਹੁੰਦੇ ਹੋ ਤਾਂ ਊਰਜਾ, ਆਵਰਿਤੀ ਤੇ ਕੰਪਨ ਦੇ ਸੰਬੰਧ ਵਿਚ ਸੋਚੋ!
- ਨਿਕੋਲਾ ਟੈਸਲਾ, ਜੋ ਕਿ ਇੱਕ ਅਮਰੀਕਨ ਖੋਜੀ, ਬਿਜਲੀ ਇੰਜੀਨੀਅਰ ਤੇ ਦੂਰਦਰਸ਼ੀ ਸੀ, ਜਿਸਦੀ ਸਭ ਤੋਂ ਵੱਡੀ ਦੇਣ ਆਧੁਨਿਕ ਆਲਟਰਨੇਟਿੰਗ ਕਰੰਟ (AC) ਬਿਜਲੀ ਸਪਲਾਈ ਸਿਸਟਮ ਹੈ।



ਪੁਸਤਕ ਰੀਵਿਊ: ਭਵਿੱਖ ਦੀ ਪੈੜ

ਲੇਖਕ/ਸੰਪਾਦਕ: ਡਾ: ਡੀ. ਪੀ. ਸਿੰਘ

ਰੀਵਿਊਕਰਤਾ: ਅਮਨਦੀਪ ਸਿੰਘ

ਪ੍ਰਕਾਸ਼ਕ: ਸਿੰਘ ਬ੍ਰਦਰਜ਼, ਅੰਮ੍ਰਿਤਸਰ

ਮੁੱਲ: 120 ਰੁਪਏ/$3.99

ਮਿਲਣ ਦਾ ਪਤਾ:

ਭਾਰਤ ਤੇ ਵਿਸ਼ਵ ਭਰ ਵਿਚ:

https://www.singhbrothers.com/en/bhawikh-di-pairh

ਕਨੇਡਾ ਵਿਚ:

https://www.sikhvirasat.ca/bhawikh-di-pairh-book-by-d-p-singh-dr-sikhvirasa

ਭਵਿੱਖ ਦੀ ਪੈੜ ਕਿਤਾਬ, ਪੰਜਾਬੀ ਭਾਸ਼ਾ ਤੇ ਦੂਸਰੀਆਂ ਭਾਸ਼ਾਵਾਂ ਦੇ ਵਿਲੱਖਣ ਵਿਗਿਆਨ ਗਲਪਕਾਰਾਂ ਦੀਆਂ ਰੌਚਿਕ ਵਿਗਿਆਨ ਸਾਹਿਤ ਨਾਲ਼ ਸੰਬੰਧਿਤ ਕਹਾਣੀਆਂ ਨੂੰ ਪੰਜਾਬੀ ਪਾਠਕਾਂ ਲਈ ਉਪਲਬਧ ਕਰਾਉਣ ਦਾ ਇੱਕ ਬਹੁਤ ਵਧੀਆ ਉਪਰਾਲਾ ਹੈ। ਡਾ. ਦੇਵਿੰਦਰ ਪਾਲ ਸਿੰਘ (ਡੀ. ਪੀ. ਸਿੰਘ) ਵਲ੍ਹੋਂ ਸੰਪਾਦਿਤ ਤੇ ਸਿੰਘ ਬ੍ਰਦਰਜ਼ ਵਲ੍ਹੋਂ 2003 ਵਿਚ ਪ੍ਰਕਾਸ਼ਿਤ ਇਸ ਕਿਤਾਬ ਦੀ ਅੱਜ ਵੀ ਉੱਨੀ ਹੀ ਮਹੱਤਤਾ ਹੈ ਜਿੰਨੀ ਉਦੋਂ ਸੀ, ਕਿਓਂਕਿ ਪੰਜਾਬੀ ਵਿਚ ਵਿਗਿਆਨ ਗਲਪ ਅਜੇ ਵੀ ਵਿਕਸਿਤ ਹੋ ਰਿਹਾ ਹੈ ਤੇ ਘੱਟ ਹੀ ਛਪਦਾ ਹੈ।

ਇਸ ਕਹਾਣੀ ਸੰਗ੍ਰਹਿ ਵਿਚ 12 ਚਰਚਿਤ ਲੇਖਕਾਂ ਜਿਨ੍ਹਾਂ ਵਿਚ ਆਈਜ਼ੈਕ ਅਸੀਮੋਵ, ਜੇਅੰਤ ਵੀ. ਨਾਰਲੀਕਰ, ਦਿਲੀਪ ਐੱਮ. ਸਾਲਵੀ, ਅਮਰਜੀਤ ਸਿੰਘ, ਡੀ. ਪੀ. ਸਿੰਘ, ਨੀਰੂ ਸ਼ਰਮਾ, ਬਾਲ ਫੌਂਡਕੇ, ਸੋਨੀਆ ਭੱਟਾਚਾਰੀਆ, ਪ੍ਰਵੀਨ ਕੁਮਾਰ, ਅਮਨਦੀਪ ਸਿੰਘ, ਜੋਗੇਸ਼ ਐੱਸ, ਸੋਮਨ ਤੇ ਅਜਮੇਰ ਸਿੱਧੂ ਸ਼ਾਮਲ ਹਨ, ਦੀਆਂ 15 ਕਹਾਣੀਆਂ ਸੰਕਲਿਤ ਹਨ।

ਪਹਿਲੀਆਂ ਚਾਰ ਕਹਾਣੀਆਂ 'ਮਹਾਂਨਗਰ ਦੀ ਮੌਤ', 'ਚੇਤਾਵਨੀ - ਸਮੇਂ ਦੀ ਸਿਲਵਟ ਦੀ', 'ਕਾਲ਼ੀ ਬੱਦਲ਼ੀ' ਅਤੇ 'ਧਰਤੀ ਆਪੋ ਆਪਣੀ' ਅਜੋਕੇ ਸਮੇਂ ਦੇ ਚਿੰਤਾਜਨਕ ਮਸਲੇ - ਵਾਤਾਵਰਣ ਦੀ ਸਾਂਭ-ਸੰਭਾਲ ਦੇ ਵਿਭਿੰਨ ਪਹਿਲੂਆਂ ਨੂੰ ਪੇਸ਼ ਕਰਦੀਆਂ ਹੋਈਆਂ ਪਾਠਕ ਨੂੰ ਸੋਚਣ ਤੇ ਮਜ਼ਬੂਰ ਕਰ ਦਿੰਦੀਆਂ ਹਨ ਤੇ ਇਹ ਯਾਦ ਦਿਲਾਉਂਦੀਆਂ ਹਨ ਕਿ ਮਨੁੱਖ ਨੇ ਜੇ ਅਜੇ ਵੀ ਵਾਤਾਵਰਣ ਦੀ ਸੰਭਾਲ ਨਹੀਂ ਕਰੀ ਤਾਂ ਫੇਰ ਬਹੁਤ ਦੇਰ ਹੋ ਜਾਏਗੀ ਤੇ ਆਉਣ ਵਾਲ਼ੀਆਂ ਪੀੜ੍ਹੀਆਂ ਸਾਨੂੰ ਕਦੇ ਵੀ ਮੁਆਫ਼ ਨਹੀਂ ਕਰਨਗੀਆਂ!

ਅੱਜ-ਕੱਲ ਜੈਨੇਟਿਕ ਇੰਜਨੀਅਰਿੰਗ ਬਹੁਤ ਤੱਰਕੀ ਕਰ ਰਹੀ ਹੈ, ਕ੍ਰਿਸਪਰ ਵਰਗੀਆਂ ਜੀਨਜ਼ ਸੰਪਾਦਿਤ ਕਰਨ ਦੀਆਂ ਤਕਨੀਕਾਂ ਉਪਲਬਧ ਹੋ ਰਹੀਆਂ ਹਨ ਜੋ ਕਿ ਉਹਨਾਂ ਬੇਇਲਾਜ ਬਿਮਾਰੀਆਂ ਨੂੰ ਠੀਕ ਕਰਨ ਲਈ ਇੱਕ ਨਵਾਂ ਤਰੀਕਾ ਪੇਸ਼ ਕਰ ਰਹੀਆਂ ਹਨ ਪਰ ਅਜਿਹੀਆਂ ਤਕਨੀਕਾਂ ਦੀ ਗ਼ਲਤ ਵਰਤੋਂ ਜਾਂ ਦੁਸ਼ਪ੍ਰਭਾਵ ਵੀ ਹੋ ਸਕਦੇ ਹਨ। 'ਧੁੰਦ ਗ਼ੁਬਾਰ', 'ਪਾਉਂਡ ਆਫ਼ ਫ਼ਲੈਸ਼' ਅਤੇ 'ਖਬਤ' ਕਹਾਣੀਆਂ ਕਲੋਨਿੰਗ ਤੇ ਜੈਨੇਟਿਕ ਜੋੜ-ਤੋੜ ਦੇ ਚੰਗੇ-ਮਾੜੇ ਪ੍ਰਭਾਵਾਂ ਨੂੰ ਦਰਸਾਉਂਦੀਆਂ ਹਨ।

‘ਕਾਲ ਚੱਕਰ’ ਕਹਾਣੀ ਮਨੁੱਖ ਦੀ ਚਿਰਕਾਲ ਤੱਕ ਜਿੰਦਾ ਰਹਿਣ ਦੀ ਖਾਹਸ਼ ਵਾਰੇ ਹੈ। ‘ਚੰਨ ਉੱਤੇ ਮਨੁੱਖ ਦੀ ਤਲਾਸ਼’ ਹੋਰ ਧਰਤੀਆਂ ‘ਤੇ ਮਨੁੱਖ ਦੀ ਚਿਰ-ਪੁਰਾਣੀ ਲਾਲਸਾ ਦੇ ਨਾਲ਼ ਏਡਜ਼ ਵਾਇਰਸ ਦੇ ਮਾਰੂ ਪ੍ਰਭਾਵ ਦਾ ਪ੍ਰਗਟਾਅ ਕਰਦੀ ਹੈ। ‘ਪਰੰਪਰਾ’ ਕਹਾਣੀ ਟਾਇਮ ਟਰੈਵਲ ਰਾਹੀਂ ਭੂਤ ਕਾਲ ਦਾ ਨਜ਼ਾਰਾ ਦਿਖਾਉਂਦੀ ਹੋਈ ਮਨੁੱਖੀ ਇਤਿਹਾਸ ਦੇ ਰਹੱਸਾਂ ਨੂੰ ਖੋਲ੍ਹਦੀ ਨਜ਼ਰ ਆਉਂਦੀ ਹੈ।

ਅਗਲੀਆਂ ਤਿੰਨ ਕਹਾਣੀਆਂ ‘ਮਸ਼ੀਨ ਤੇ ਮਨੁੱਖ’, ‘ਸੱਚਾ ਪਿਆਰ’ ਅਤੇ ‘ਪਰਖ’ ਮਨੁੱਖ ਤੇ ਮਸ਼ੀਨ ਦੇ ਪਰਸਪਰ ਸੰਬੰਧਾਂ ਦਾ ਜ਼ਿਕਰ ਕਰਦੀਆਂ ਹਨ। ਸੰਸਾਰ ਪ੍ਰਸਿੱਧ ਸਾਇੰਸ ਫ਼ਿਕਸ਼ਨ ਲੇਖਕ ਆਈਜ਼ੈਕ ਅਸੀਮੋਵ ਦੀ ਕਹਾਣੀ ‘ਸੱਚਾ ਪਿਆਰ’ ਇੱਕ ਕੰਪਿਊਟਰ ਵਿਗਿਆਨੀ ਤੇ ਉਸ ਦੁਆਰਾ ਬਣਾਏ ਪ੍ਰਯੋਗਿਕ ਕੰਪਿਊਟਰ ਪ੍ਰੋਗਰਾਮ ਜੋਓ ਦੀ ਕਹਾਣੀ ਹੈ ਜੋ ਉਸਨੇ ਆਪਣੇ ਲਈ ਇੱਕ ਆਦਰਸ਼ ਜੀਵਨ ਸਾਥੀ ਲੱਭਣ ਲਈ ਤਿਆਰ ਕੀਤਾ ਹੈ। ਕਈ ਹਫ਼ਤਿਆਂ ਦੀ ਅਣਥੱਕ ਮਿਹਨਤ ਬਾਅਦ ਜੋਓ ਮਿਲਟਨ ਲਈ ਸੱਚਾ ਪਿਆਰ ਲੱਭ ਲੈਂਦਾ ਹੈ ਜੋ ਉਸਨੂੰ 14 ਫਰਵਰੀ ਨੂੰ ਵੈਲੇਨਟਾਈਨ ਦਿਨ ਤੇ ਆਵੇਗਾ!

‘ਪਹਿਲੀ ਜਨਵਰੀ 3001’ ਅਗਲੇ ਹਜ਼ਾਰ ਸਾਲ ਤੱਕ ਹੋਣ ਵਾਲ਼ੀ ਤਰੱਕੀ ‘ਤੇ ਝਾਤ ਪਾਉਂਦੀ ਹੈ ਤੇ ਮਨੁੱਖ ਨੂੰ ਨਵੀਂ ਸਹੰ-ਸ਼ਤਾਬਦੀ ਦੀ ਸਰਦਲ ਤੱਕ ਲੈ ਜਾਂਦੀ ਹੈ। ਇਸ ਕਿਤਾਬ ਦੀ ਅੰਤਲੀ ਕਹਾਣੀ ‘ਡਾਇਨਾਸੌਰ’ ਅਜੋਕੇ ਸਮਾਜ ਤੇ ਸਿਆਸੀ ਖੇਤਰ ਵਿਚ ਫੈਲੇ ਪਖੰਡ ਉੱਤੇ ਵਿਗਿਆਨਕ ਚਿੰਨ੍ਹਾਂ ਦੀ ਵਰਤੋਂ ਕਰਕੇ ਵਿਅੰਗਾਤਮਿਕ ਟਿੱਪਣੀ ਕਰਦੀ ਹੈ।

ਪੰਜਾਬੀ ਤੇ ਵਿਗਿਆਨ ਨਾਲ਼ ਪਿਆਰ ਕਰਨ ਵਾਲ਼ੇ ਸਾਰੇ ਪਾਠਕਾਂ ਨੂੰ ਇਹ ਕਿਤਾਬ ਜ਼ਰੂਰ ਪੜ੍ਹਨੀ ਚਾਹੀਦੀ ਹੈ। ਜਿੱਥੇ ਇਸ ਕਿਤਾਬ ਵਿਚਲੀਆਂ ਕਹਾਣੀਆਂ ਪਾਠਕ ਦਾ ਭਰਪੂਰ ਮਨੋਰੰਜਨ ਕਰਦੀਆਂ ਹੋਈਆਂ ਉਸਨੂੰ ਵਿਗਿਆਨ ਦੀ ਅਦਭੁੱਤ ਦੁਨੀਆਂ ਵਿਚ ਲੈ ਜਾਂਦੀਆਂ ਹਨ ਉੱਥੇ ਉਸਨੂੰ ਵਿਗਿਆਨ ਦੇ ਚੰਗੇ ਤੇ ਮਾੜੇ ਪ੍ਰਭਾਵਾਂ ਤੇ ਵਾਤਾਵਰਣ ਵਾਰੇ ਸੋਚਣ ਲਈ ਮਜ਼ਬੂਰ ਕਰ ਦਿੰਦਿਆਂ ਹਨ।

ਰੂਪ ਢਿੱਲੋਂ ਦਾ ਰਚਨਾ ਸੰਸਾਰ

ਅਮਨਦੀਪ ਸਿੰਘ

ਰੂਪ ਢਿੱਲੋਂ (ਰੁਪਿੰਦਰਪਾਲ ਸਿੰਘ ਢਿੱਲੋਂ) ਇੱਕ ਬਰਤਾਨਵੀ ਪੰਜਾਬੀ ਲੇਖਕ ਹੈ, ਜੋ ਪੰਜਾਬੀ ਵਿਚ ਵਿਗਿਆਨ ਗਲਪ, ਕਲਪਨਾ ਤੇ ਵਿਚਿੱਤਰਵਾਦ ਨਾਲ਼ ਸੰਬੰਧਿਤ ਕਹਾਣੀਆਂ ਤੇ ਨਾਵਲ ਰਚਦਾ ਹੈ। ਉਸਦੀਆਂ ਰਚਨਾਵਾਂ ਦਾ ਕੈਨਵਸ ਧਰਤੀ ਤੋਂ ਲੈ ਕੇ ਬ੍ਰਹਿਮੰਡ ਤੱਕ ਫੈਲਿਆ ਹੋਇਆ ਹੈ। ਉਹ ਇੰਗਲੈਂਡ ਵਿਚ ਪਲਿਆ ਤੇ ਵੱਡਾ ਹੋਇਆ, ਪਰ ਫੇਰ ਵੀ ਪੰਜਾਬੀ ਮਾਂ ਬੋਲੀ ਵਿਚ ਲਿਖਦਾ ਹੈ ਜੋ ਕਿ ਇੱਕ ਬਹੁਤ ਮਾਣ ਵਾਲ਼ੀ ਗੱਲ ਹੈ! ਕਿਓਂਕਿ ਪੰਜਾਬ ਤੋਂ ਬਾਹਰ ਵੱਡੇ ਹੋਏ ਲੇਖਕ ਬਹੁਤ ਘੱਟ ਹਨ ਜੋ ਕਿ ਪੰਜਾਬੀ ਬੋਲੀ ਵਿਚ ਲਿਖਦੇ ਹਨ। ਹਾਲਾਂਕਿ ਰੂਪ ਦੀ ਪੰਜਾਬੀ ਭਾਸ਼ਾ ਬਰਤਾਨਵੀ ਪੰਜਾਬੀ ਉੱਪਬੋਲੀ ਹੈ, ਜੋ ਕਿ ਟਕਸਾਲੀ ਪੰਜਾਬੀ ਤੋਂ ਹਟ ਕੇ ਹੈ, ਪਰ ਉਹ ਪਾਠਕ ਨੂੰ ਉਸਦੀਆਂ ਰਚਨਾਵਾਂ ਸਮਝਣ ਵਿਚ ਰੁਕਾਵਟ ਨਹੀਂ ਪਾਉਂਦੇ।

ਉਸਦੀ ਸਭ ਤੋਂ ਵੱਡੀ ਦੇਣ ਪੰਜਾਬੀ ਵਿਚ ਇੱਕ ਨਵੀਂ ਕਿਸਮ ਦੀ ਸਾਹਿਤ ਰਚਨਾ ਹੈ ਜਿਸਨੇ ਪੰਜਾਬੀ ਦਾ ਅਮੀਰ ਸਾਹਿਤਕ ਖਜ਼ਾਨਾ ਹੋਰ ਵੀ ਅਮੀਰ ਕੀਤਾ ਹੈ। ਉਸਦੇ ਨਾਵਲ, ਕਹਾਣੀਆਂ ਪੜ੍ਹਦੇ ਹੋਏ ਪਾਠਕ ਇੱਕ ਵਿਲੱਖਣ ਸੰਸਾਰ ਵਿਚ ਪਹੁੰਚ ਜਾਂਦਾ ਹੈ - ਜੋ ਕਿ ਧਰਤੀ ਤੇ ਜਾਂ ਬ੍ਰਹਿਮੰਡ ਵਿਚ ਕਿਤੇ ਵੀ ਹੋ ਸਕਦਾ ਹੈ। ਪਾਠਕ ਸਮੇਂ ਦੀ ਯਾਤਰਾ ਵੀ ਕਰਦੇ ਹਨ, ਰੋਬੋਟਾਂ ਦੀ ਦੁਨੀਆਂ ਵੀ ਬਾਰੇ ਵੀ ਜਾਣਦੇ ਹਨ, ਤੇ ਇਸਦੇ ਨਾਲ਼-ਨਾਲ਼ ਉਹ ਪੰਜਾਬ ਤੇ ਭਾਰਤੀ ਸਭਿਅਤਾ ਵਿਚ ਆਏ ਨਿਗਾਰ ਨੂੰ ਵੀ ਪਾਠਕਾਂ ਨਾਲ਼ ਜਾਣੂ ਕਰਵਾਉਂਦਾ ਹੈ ਚਾਹੇ ਉਹ ਨਸ਼ਿਆਂ ਦੀ ਭਿਆਨਕ ਬਿਮਾਰੀ ਹੋਵੇ, ਨਸਲੀ ਵਿਤਕਰਾ, ਖੂਨੀ ਰਾਜਨੀਤੀ ਜਾਂ ਦਿਨੋ-ਦਿਨ ਡਿਗਦਾ ਰਿਸ਼ਤਿਆਂ ਦਾ ਮਿਆਰ ਹੋਵੇ! ਪੰਜਾਬੀ ਪਾਠਕਾਂ ਨੂੰ ਉਸਦੀਆਂ ਰਚਨਾਵਾਂ ਜ਼ਰੂਰ ਪੜ੍ਹਨੀਆਂ ਚਾਹੀਦੀਆਂ ਹਨ।

ਭੁਲਾਵੇਂ ਅੱਖਰ

ਅਮਨਦੀਪ ਸਿੰਘ

ਕਦੇ ਤੁਸੀਂ ਸੋਚਿਆ ਹੈ ਕਿ ਜਦੋਂ ਅਸੀਂ ਕੋਈ ਭਾਸ਼ਾ ਜਾਂ ਲਿਪੀ ਸਿੱਖਦੇ ਹਾਂ ਤਾਂ ਅਸੀਂ ਭੁਲਾਵੇਂ ਅੱਖਰ ਕਿਓਂ ਵਰਤਦੇ ਹਾਂ? ਤਾਂ ਜੋ ਅਸੀਂ ਵੱਖ-ਵੱਖ ਤਰ੍ਹਾਂ ਦੇ ਅੱਖਰ ਸਿੱਖ ਸਕੀਏ ਤੇ ਯਾਦ ਰੱਖ ਸਕੀਏ! ਜੇ ਅਸੀਂ ਵਰਣਕ੍ਰਮ ਅਨੁਸਾਰ ਸਿੱਖਣ ਦੀ ਕੋਸ਼ਿਸ ਕਰਦੇ ਰਹੀਏ ਤੇ ਰੱਟਾ ਮਾਰਦੇ ਰਹੀਏ ਤਾਂ ਅਸੀਂ ਉਹਨਾਂ ਅੱਖਰਾਂ ਨੂੰ ਯਾਦ ਤਾਂ ਰੱਖ ਸਕਾਂਗੇ ਪਰ ਸਿੱਖ ਨਹੀਂ ਸਕਾਂਗੇ। ਇਸ ਕਰਕੇ ਭੁਲਾਵੇਂ ਅੱਖਰ ਨਵੀਂ ਲਿੱਪੀ ਨੂੰ ਸਿੱਖਣ ਦਾ ਇੱਕ ਸ਼ਕਤੀਸ਼ਾਲੀ ਮਾਧਿਅਮ ਹੈ। ਆਓ ਹੁਣ ਜਾਣੀਏ, ਅਸੀਂ ਕੋਈ ਵੀ ਨਵਾਂ ਵਿਸ਼ਾ ਜਾਂ ਸੰਕਲਪ ਆਸਾਨੀ ਨਾਲ਼ ਕਿਵੇਂ ਸਿੱਖ ਸਕਦੇ ਹਾਂ? ਜਾਂ ਫਿਰ ਕੋਈ ਕਿਤਾਬ ਪੜ੍ਹ ਕੇ ਅਸੀਂ ਉਸਨੂੰ ਆਸਾਨੀ ਨਾਲ਼ ਕਿਵੇਂ ਯਾਦ ਰੱਖ ਸਕਦੇ ਹਾਂ? ਅਕਸਰ ਅਜਿਹਾ ਹੁੰਦਾ ਹੈ ਕਿ ਅਸੀਂ ਕੋਈ ਆਮ ਜਾਣਕਾਰੀ ਵਾਸਤੇ ਕਿਤਾਬ ਪੜ੍ਹਦੇ ਹਾਂ ਤੇ ਕੁੱਝ ਚਿਰ ਬਾਅਦ ਉਸਨੂੰ ਭੁੱਲ ਜਾਂਦੇ ਹਾਂ।

ਜੇ ਓਹੀ ਕਿਤਾਬ ਅਸੀਂ ਸਕੂਲ ਦੇ ਪਾਠਕ੍ਰਮ ਵਿੱਚ ਪੜ੍ਹੀ ਹੁੰਦੀ ਤਾਂ ਸ਼ਾਇਦ ਉਸ ਵਿੱਚੋਂ ਕੁੱਝ ਯਾਦ ਰਹਿ ਜਾਂਦਾ, ਕਿਓਂਕਿ ਪਾਠਕ੍ਰਮ ਤੇ ਇਮਤਿਹਾਨ ਵਿੱਚ ਹੋਣ ਕਰਕੇ ਅਸੀਂ ਉਸਨੂੰ ਚੰਗੀ ਤਰ੍ਹਾਂ ਮਨ ਲਗਾ ਕੇ ਪੜ੍ਹਿਆ ਹੋਵੇਗਾ, ਤੇ ਉਸ ਵਿਚਲੇ ਮਹੱਤਵਪੂਰਨ ਸੰਕਲਪ ਸਮਝਣ ਲਈ ਆਪਣੇ ਅਧਿਆਪਕ, ਜਮਾਤੀਆਂ, ਦੋਸਤਾਂ, ਤੇ ਪਰਿਵਾਰਿਕ ਮੈਂਬਰਾਂ ਨਾਲ਼ ਉਸ ਸੰਬੰਧ ਵਿੱਚ ਵਿਚਾਰ-ਵਿਮਰਸ਼ ਵੀ ਕੀਤਾ ਹੋ ਸਕਦਾ ਹੈ, ਜਿਸ ਕਰਕੇ ਉਹ ਸੰਕਲਪ ਸਾਨੂੰ ਅੱਜ ਵੀ ਯਾਦ ਹੋ ਸਕਦੇ ਹਨ।

ਜੇ ਇਹੀ ਤਰੀਕਾ ਅਸੀਂ ਕਿਸੇ ਨਵੀਂ ਕਿਤਾਬ, ਸੰਕਲਪ, ਜਾਂ ਕੋਈ ਖੇਡ ਸਿੱਖਣ ਲਈ ਵਰਤੀਏ ਤਾਂ ਸਹਿਜੇ ਹੀ ਅਸੀਂ ਉਸਨੂੰ ਸਮਝ ਸਕਦੇ ਹਾਂ, ਲੰਬੇ ਸਮੇਂ ਤੱਕ ਯਾਦ ਰੱਖ ਸਕਦੇ ਹਾਂ, ਤੇ ਉਸਦੇ ਮਾਹਿਰ ਜਾਂ ਮਾਸਟਰ ਬਣ ਸਕਦੇ ਹਾਂ। ਇੱਕ ਅਜਿਹਾ ਹੀ ਤਰੀਕਾ ਨੋਬਲ ਪੁਰਸਕਾਰ ਵਿਜੇਤਾ ਭੌਤਿਕ ਵਿਗਿਆਨੀ ਰਿਚਰਡ ਫੇਨਮਨ (1918-1988) ਨੇ ਵਿਕਸਿਤ ਕੀਤਾ ਸੀ। ਗਹਿਰੀ ਪੜ੍ਹਾਈ ਤੇ ਸਿੱਖਣ ਦੇ ਇਸ ਤਰੀਕੇ ਦੇ ਚਾਰ ਚਰਣ ਹਨ:

1. ਪੜ੍ਹਾਈ - ਇਹ ਪਹਿਲਾ ਚਰਣ ਹੈ ਤੇ ਸੌਖਾ ਵੀ ਹੈ। ਤੁਹਾਨੂੰ ਸਿਰਫ਼ ਕੋਈ ਵੀ ਵਿਸ਼ਾ ਚੁਣਨਾ ਹੈ ਤੇ ਉਸਦੇ ਵਾਰੇ ਵਿੱਚ ਪੜ੍ਹਨਾ ਹੈ। ਪਰ ਪੜ੍ਹਦੇ ਹੋਏ ਤੁਹਾਨੂੰ ਸਿਰਫ਼ ਉਸਦੇ ਵਾਰੇ ਉਹ ਸਭ ਕੁੱਝ ਲਿਖਣਾ ਹੈ ਜੋ ਤੁਹਾਨੂੰ ਪਤਾ ਲੱਗ ਰਿਹਾ ਹੈ। ਫਿਰ ਉਸਨੂੰ ਮਹਤਵਪੂਰਣ ਭਾਗਾਂ ਵਿੱਚ ਵੰਡ ਕੇ, ਸੰਪੂਰਨ ਤੌਰ ਤੇ ਉਸਨੂੰ ਸਮਝਣ ਦੀ ਕੋਸ਼ਿਸ ਕਰੋ।

2. ਸਿਖਾਣਾ - ਜਦੋਂ ਤੁਸੀਂ ਉਸ ਵਿਸ਼ੇ ਨੂੰ ਪੂਰਾ ਪੜ੍ਹ ਲਿਆ ਤਾਂ ਉਸਨੂੰ ਕਿਸੇ ਵਿਅਕਤੀ (ਖ਼ਾਸ ਤੌਰ ਤੇ ਬੱਚੇ ਨੂੰ) ਨੂੰ ਸਿਖਾਉਣ ਦੀ ਕੋਸ਼ਿਸ ਕਰੋ। ਤੁਸੀਂ ਕਿਸੇ ਨਿਰਜੀਵ ਚੀਜ਼ (ਪੁਤਲੇ) ਜਾਂ ਪਾਲਤੂ ਜਾਨਵਰ ਨੂੰ ਵੀ ਸਿੱਖਾ ਸਕਦੇ ਹੋ। ਪਰ ਕਿਸੇ ਵਿਅਕਤੀ ਜਾਂ ਬੱਚੇ ਨੂੰ ਸਿਖਾਉਣ ਵਿੱਚ ਇੱਕ ਖ਼ਾਸ ਲਾਭ ਹੈ ਕਿ ਉਹ ਤੁਹਾਨੂੰ ਉਸ ਸੰਬਧੀ ਪ੍ਰਸ਼ਨ ਪੁੱਛ ਸਕਦੇ ਹਨ। ਜਿਵੇਂ ਜਿਵੇਂ ਉਹ ਸਵਾਲ ਪੁੱਛਣਗੇ, ਤੇ ਜਿਨ੍ਹਾਂ ਸਵਾਲਾਂ ਦੇ ਜਵਾਬ ਤੁਸੀਂ ਨਹੀਂ ਦੇ ਸਕੋਂਗੇ ਤਾਂ ਤੁਹਾਨੂੰ ਆਪਣੀ ਸਮਝ ਵਿੱਚ ਖਾਲੀ ਥਾਵਾਂ ਜਾਂ ਕਮਜ਼ੋਰੀਆਂ ਨਜ਼ਰ ਆਉਣਗੀਆਂ। ਜੋ ਕਿ ਚੰਗੀ ਗੱਲ ਹੈ, ਕਿਉਂਕਿ ਤੁਸੀਂ ਦੁਬਾਰਾ ਤੋਂ ਪੜ੍ਹਾਈ ਕਰਕੇ ਉਹਨਾਂ ਖਾਲੀ ਥਾਵਾਂ ਨੂੰ ਭਰ ਸਕਦੇ ਹੋ। ਸਿਖਾਉਣ ਵਾਸਤੇ ਤੁਸੀਂ ਕਿਸੇ ਕਲਾਸ ਨੂੰ ਲੈਕਚਰ ਵੀ ਦੇ ਸਕਦੇ ਹੋ ਜਾਂ ਮਹਿਮਾਨ ਅਧਿਆਪਕ (ਸਵੈ ਸੇਵਕ - ਬਿਨਾਂ ਕਿਸੇ ਮਿਹਨਤਾਨੇ ਦੇ) ਬਣ ਕੇ ਜਾ ਸਕਦੇ ਹੋ। ਪੁਰਾਣੀ ਕਹਾਵਤ ਹੈ ਕਿ ਗਿਆਨ ਵੰਡਣ ਨਾਲ਼ ਹੋਰ ਵਧਦਾ ਹੈ!

3. ਖਾਲੀ ਥਾਵਾਂ ਭਰਨੀਆਂ - ਇਸ ਚਰਣ ਦਾ ਮਹੱਤਵ ਖਾਲੀ ਥਾਵਾਂ ਨੂੰ ਭਰਨਾ ਜਾਂ ਜਾਂ ਕਮਜ਼ੋਰੀਆਂ ਨੂੰ ਦੂਰ ਕਰਕੇ, ਉਸ ਵਿਸ਼ੇ ਵਾਰੇ ਆਪਣੀ ਸਮਝ ਨੂੰ ਮਜ਼ਬੂਤ ਕਰਨਾ ਹੈ। ਉਸ ਜਾਣਕਾਰੀ ਨੂੰ ਤਲਾਸ਼ ਕਰਨਾ ਹੈ ਜੋ ਤੁਹਾਡੀ ਰਣਨੀਤੀ ਨੂੰ ਪ੍ਰਭਾਵਸ਼ਾਲੀ ਬਣਾ ਸਕਦੀ ਹੈ ਤੇ ਤੁਸੀਂ ਉਸ ਵਿਸ਼ੇ ਦਾ ਹੋਰ ਗਹਿਰਾ ਅਧਿਐਨ ਕਰ ਸਕਦੇ ਹੋ। ਆਪਣੀਆਂ ਕਮਜ਼ੋਰੀਆਂ ਸਮਝਣ ਲਈ ਜਾਂ ਖਾਲੀ ਥਾਵਾਂ ਭਰਨ ਲਈ, ਤੁਸੀਂ ਉਸ ਵਿਸ਼ੇ ਦੇ ਪ੍ਰੈਕਟਿਸ ਟੈਸਟ ਵੀ ਹੱਲ ਕਰ ਸਕਦੇ ਹੋ।

4. ਸੌਖਾ ਕਰਨਾ - ਹੁਣ ਜਦੋਂ ਤੁਸੀਂ ਉਸ ਵਿਸ਼ੇ ਦਾ ਤਿੰਨ ਵਾਰ ਅਧਿਐਨ ਕਰ ਲਿਆ ਹੈ, ਤਾਂ ਤੁਸੀਂ ਉਸ ਦੇ ਉਸਤਾਦ ਬਣ ਗਏ ਹੋ, ਪਰ ਇੰਨੀ ਜਲਦੀ ਨਹੀਂ ... ਹੁਣ ਤੁਹਾਨੂੰ ਉਸ ਵਿਸ਼ੇ ਦੀ ਜਾਣਕਾਰੀ ਨੂੰ ਸੌਖਾ ਕਰਨਾ ਹੈ। ਇਹ ਚਰਣ ਔਖਾ ਵੀ ਹੈ, ਪਰ ਉਸ ਵਿਸ਼ੇ ਦੀ ਪੂਰਨ ਜਾਣਕਾਰੀ ਲੈਣ ਲਈ ਬਹੁਤ ਜ਼ਰੂਰੀ ਹੈ। ਜੇ ਤੁਸੀਂ ਉਹ ਵਿਸ਼ਾ ਸੌਖੇ ਸ਼ਬਦਾਂ ਵਿੱਚ ਕਿਸੇ ਬੱਚੇ ਨੂੰ ਜਾਂ ਆਮ ਵਿਅਕਤੀ ਦੀ ਸਿੱਧੀ ਭਾਸ਼ਾ ਵਿੱਚ ਸਮਝਾ ਸਕਦੇ ਹੋ ਤਾਂ ਤੁਹਾਨੂੰ ਉਹ ਚੰਗੀ ਤਰ੍ਹਾਂ ਸਮਝ ਆ ਗਿਆ ਹੈ, ਤੇ ਤੁਸੀਂ ਉਸਦੇ ਉਸਤਾਦ ਬਣ ਗਏ ਹੋ। ਅਜਿਹਾ ਕਰਨ ਨਾਲ਼ ਤੁਹਾਨੂੰ ਉਸ ਵਿਸ਼ੇ ਦੇ ਮਹਤਵਪੂਰਣ ਭਾਗਾਂ ਨੂੰ ਇੱਕ ਵਾਰ ਫੇਰ ਸਮਝਣ ਤੇ ਜੋੜਨ ਲਈ ਥੋੜ੍ਹਾ ਹੋਰ ਜ਼ੋਰ ਲਗਾਉਣਾ ਪਏਗਾ! ਤੁਸੀਂ ਉਸਨੂੰ ਉੱਚੀ ਅਵਾਜ਼ ਵਿੱਚ ਵੀ ਪੜ੍ਹ ਸਕਦੇ ਹੋ। ਉਸਨੂੰ ਇਸ ਤਰ੍ਹਾਂ ਜੋੜ ਸਕਦੇ ਹੋ ਜਿਵੇਂ ਕੋਈ ਕਹਾਣੀ ਸੁਣਾ ਰਹੇ ਹੋਵੋਂ। ਜੇ ਤੁਹਾਨੂੰ ਫੇਰ ਵੀ ਦਿੱਕਤ ਆ ਰਹੀ ਹੈ ਤਾਂ ਤੁਸੀਂ ਉਸਨੂੰ ਵਾਰ-ਵਾਰ ਦੁਹਰਾ ਕੇ ਅਭਿਆਸ ਕਰ ਸਕਦੇ ਹੋ। ਪਰ ਅਭਿਆਸ ਹੁਸ਼ਿਆਰੀ ਨਾਲ਼ ਕਰਨਾ ਹੈ, ਨਾ ਕਿ ਰੱਟਾ ਲਗਾਉਣਾ ਹੈ! ਉਦੋਂ ਤੱਕ ਅਭਿਆਸ ਕਰਦੇ ਰਹਿਣਾ ਹੈ ਜਦੋਂ ਤੱਕ ਤੁਸੀਂ ਉਸਨੂੰ ਇੱਕ ਕਹਾਣੀ ਵਾਂਗ ਨਹੀਂ ਦੱਸ ਦਕਦੇ। ਜੇ ਤੁਸੀਂ ਰੱਟਾ ਨਹੀਂ ਲਗਾਉਗੇ ਸਗੋਂ ਅਰਾਮ ਨਾਲ਼ ਲਗਾਤਾਰ ਰੋਜ਼ ਅਭਿਆਸ ਕਰੋਗੇ ਤਾਂ ਤੁਸੀਂ ਉਸ ਵਿਸ਼ੇ ਨੂੰ ਲੰਬੇ ਸਮੇਂ ਤੱਕ ਯਾਦ ਰੱਖ ਸਕਦੇ ਹੋ। ਤੇ ਤੁਹਾਨੂੰ ਇਮਤਿਹਾਨ ਤੋਂ ਇੱਕ ਰਾਤ ਪਹਿਲਾਂ ਪੜ੍ਹਨ ਲਈ ਜਾਗਣਾ ਨਹੀਂ ਪਏਗਾ!

ਸੁਰੀਲਾ ਗਲ਼ਾ ਤਾਂ ਕੁਦਰਤੀ ਹੁੰਦਾ ਹੈ, ਪਰ ਸੰਗੀਤ ਅਜਿਹੀ ਵਿੱਦਿਆ ਹੈ ਜੋ ਮਿਹਨਤ ਤੇ ਸਮੇਂ ਨਾਲ਼ ਸਿੱਖੀ ਜਾ ਸਕਦੀ ਹੈ। ਜੇ ਤੁਸੀਂ ਕਿਸੇ ਉਸਤਾਦ ਤੋਂ ਸਿੱਖੋ, ਤੇ ਦਸ ਸਾਲ ਹਰ ਰੋਜ਼ ਦਸ ਮਿੰਟ ਮਨ ਲਗਾਕੇ, ਡੁੱਬ ਕੇ ਗਹਿਰਾ ਅਧਿਐਨ ਕਰੋ ਤਾਂ ਤੁਸੀਂ ਸੰਗੀਤ ਸਿੱਖ ਸਕਦੇ ਹੋ। ਪਰ ਸਿੱਖਣ ਦੇ ਨਾਲ਼ ਨਾਲ਼ ਤੁਹਾਨੂੰ ਜਿੱਥੇ ਮੌਕਾ ਮਿਲ਼ੇ ਜਾਂ ਕਿਸੇ ਧਾਰਮਿਕ ਸਥਾਨ 'ਤੇ ਭਜਨ ਜਾਂ ਸ਼ਬਦ ਰਾਹੀਂ ਆਪਣੀ ਸੰਗੀਤ ਕਲਾ ਨੂੰ ਪੇਸ਼ ਵੀ ਕਰਦੇ ਰਹਿਣਾ ਚਾਹੀਦਾ ਹੈ। ਬਾਕੀ ਪੰਨਾ 37 'ਤੇ ...

ਪਲਾਸਟਿਕ ਦਾ ਡੱਡੂ

ਹਰੀ ਕ੍ਰਿਸ਼ਨ ਮਾਇਰ

ਪੀਲੇ ਡੱਡੂ ਦੇ ਘਰ, ਦੂਰੋਂ ਦੂਰੋਂ ਡੱਡੂ, ਉਸ ਦੇ ਮਾਂ ਬਾਪ ਦੀ ਮੌਤ ਤੇ ਅਫ਼ਸੋਸ ਕਰਨ ਆਏ ਸਨ। ਅਫ਼ਸੋਸ ਕਰਨ ਵਾਲੇ ਡੱਡੂ ਆਪਣੇ ਆਲੇ ਦੁਆਲੇ ਵਿੱਚ ਆਈਆਂ ਤਬਦੀਲੀਆਂ ਬਾਰੇ ਗੱਲਾਂ ਕਰ ਰਹੇ ਸਨ। ਆਪਣੇ ਜ਼ਮਾਨੇ ਨੂੰ ਚੇਤੇ ਕਰਦਾ, ਇਕ ਡੱਡੂ ਬੋਲਿਆ,"ਆਹ ਜਿਹੜੀ ਥਾਂ ਤੇ ਸੜਕ ਬਣੀ ਆ, ਇੱਥੇ ਜ਼ਮੀਨ ਬੇਹ ਵਿਰਾਨ ਪਈ ਹੁੰਦੀ ਸੀ। ਇੱਥੇ ਇਕ ਖੂਹ ਹੁੰਦਾ ਸੀ। ਖੂਹ ਦੀ ਮੌਣ ਤੇ ਚੜ੍ਹ ਕੇ ਪਿੰਡ ਦੀਂਹਦਾ ਸੀ। ਅਸੀਂ ਖੂਹ ਦੀਆਂ ਟਿੰਡਾਂ ਵਿੱਚ ਦੁਬਕੇ ਰਹਿੰਦੇ। ਜਦ ਖੂਹ ਗਿੜਦਾ, ਅਸੀਂ ਟਿੰਡਾਂ ਤੇ ਝੂਟੇ ਲੈਂਦੇ। ਟਿੰਡਾਂ ਉੱਪਰ ਆਉਂਦੀਆਂ ਤਾਂ ਅਸੀਂ ਉੱਪਰ ਚੜ੍ਹ ਆਉਂਦੇ । ਛੜੱਪੇ ਮਾਰ ਕੇ ਧਰਤੀ ਤੇ ਆ ਜਾਂਦੇ।"

"ਫੇਰ", ਇਕ ਛੋਟੇ ਡੱਡੂ ਨੇ ਪੁੱਛਿਆ।

"ਇਕ ਦਿਨ ਕੀ ਹੋਇਆ, ਇਕ ਉੱਚਾ ਲੰਬਾ ਟ੍ਰੈਕਟਰ ਜ਼ਮੀਨ ਪੁੱਟਣ ਲੱਗਾ। ਦੂਰ ਤੱਕ ਮਿੱਟੀ ਘਸੀਟ ਕੇ ਲਿਜਾਈ ਜਾਵੇ। ਜ਼ਮੀਨ 'ਚੋਂ ਪੱਧਰਾ ਰਸਤਾ ਦਿਸਣ ਲੱਗਾ। ਫੇਰ ਉਸ ਰਾਹ ਉਪਰ ਪੱਥਰ ਰੋੜੇ ਪੈ ਗਏ। ਇਕ ਮਸ਼ੀਨ ਰੋੜਿਆਂ ਨੂੰ ਕਈ ਦਿਨ ਦੱਬਦੀ ਰਹੀ। ਇਕ ਦਿਨ ਇੰਨ੍ਹਾ ਰੋੜਿਆਂ ਉੱਪਰ ਲੁੱਕ ਤੇ ਬਜਰੀ ਦੀ ਮੋਟੀ ਤਹਿ ਵਿਛਾ ਦਿੱਤੀ ਗਈ। ਇਸ ਤੇ ਕਿੰਨ੍ਹੇ ਹੀ ਦਿਨ ਰੋਲਰ ਘੁੰਮਦਾ ਰਿਹਾ।"

"ਫੇਰ" ਇਕ ਹੋਰ ਡੱਡੂ ਬੋਲਿਆ।

“ਸਾਡੀ ਮਾੜੀ ਤਕਦੀਰ ਨੂੰ, ਇਹ ਕਲਮੂੰਹੀ ਸੜਕ ਬਣ ਗਈ।” ਬੁੱਢਾ ਡੱਡੂ ਬੋਲਿਆ।

ਚਾਰੇ ਪਾਸੇ ਚੁੱਪ ਵਰਤ ਗਈ। ਪੀਲੇ ਡੱਡੂ ਦੇ ਮਾਂ ਬਾਪ ਦੀ ਮੌਤ ਇਸੇ ਸੜਕ ਤੇ ਹੋਈ ਸੀ। ਪੀਲੇ ਡੱਡੂ ਨੇ ਦੱਸਿਆ ਕਿ ਉਸ ਦੇ ਮਾਂ ਬਾਪ ਕਿਸੇ ਕਰੀਬੀ ਦੋਸਤ ਨੂੰ ਮਿਲਣ ਗਏ ਸੀ। ਤੁਰਦੇ ਤੁਰਦੇ ਉਹ ਸੜਕ ਲਾਗੇ ਪਹੁੰਚੇ। ਤੇਜ਼ ਧੁੱਪ ‘ਚ ਲੁੱਕ ਪਿਘਲੀ ਪਈ ਸੀ। ਅੱਗੇ ਬਾਪੂ ਤੇ ਪਿੱਛੇ ਪੀਲੇ ਦੀ ਮਾਂ। ਦੋ ਕਦਮ ਹੀ ਅੱਗੇ ਤੁਰੇ ਸਨ, ਉਨ੍ਹਾ ਦੇ ਪੈਰਾਂ ਨੂੰ ਲੁੱਕ ਚਿੰਬੜ ਗਈ। ਪੈਰ ਲੁੱਕ ‘ਚੋਂ ਬਾਹਰ ਕੱਢਣ ਲਈ ਦੋਵੇਂ ਸੰਘਰਸ਼ ਕਰਨ ਲੱਗੇ। ਪਰ ਸਭ ਯਤਨ ਅਸਫਲ ਰਹੇ। ਵਿੰਹਦੇ ਵਿੰਹਦੇ ਇਕ ਤੇਜ਼ ਰਫ਼ਤਾਰ ਕਾਰ, ਉਨ੍ਹਾ ਦੇ ਉੱਪਰੋਂ ਦੀ ਲੰਘ ਗਈ। ਪੀਲੇ ਦੇ ਮਾਂ ਬਾਪ ਥਾਂਏਂ ਚਿੱਪੇ ਗਏ। ਅਨਹੋਣੀ ਵਾਪਰ ਗਈ।

ਬੁੱਢਾ ਡੱਡੂ ਬੜਾ ਅਨੁਭਵੀ ਸੀ। ਡੱਡੂ ਉਸ ਦੇ ਦੁਆਲੇ ਇੱਕਠੇ ਹੋ ਕੇ ਪੁੱਛਣ ਲੱਗੇ,”ਦਾਦਾ ਸਾਡੇ ਦੁਸ਼ਮਣ ਕੌਣ ਕੌਣ ਨੇ?”

“ਸੱਪ, ਡਰੈਗਨ, ਕੰਨਖਜੂਰਾ, ਬਾਂਦਰ, ਇੱਲ, ਬਾਜ, ਬੰਗਲਾ ਸਾਡੇ ਮੁਢੋਂ ਦੁਸ਼ਮਣ ਹਨ।” ਬੁੱਢੇ ਡੱਡੂ ਨੇ ਝੱਟ ਦੁਸ਼ਮਣ ਗਿਣ ਦਿੱਤੇ।

“ਸਾਨੂੰ ਇਨਸਾਨਾਂ ਤੋਂ ਕਿਹੜੇ ਸਮੇਂ ਸਤਰਕ ਰਹਿਣਾ ਚਾਹੀਦਾ ਹੈ?”

“ਜਦੋਂ ਤਿੱਖਾ ਪੱਥਰ, ਦੁਰਮਟ, ਹਥੌੜਾ ਬੰਦੇ ਦੇ ਹੱਥ ਵਿੱਚ ਹੋਵੇ।”

“ਦਾਦਾ! ਡੱਡੂ ਰੋਜ਼ ਮਰ ਰਹੇ ਹਨ। ਸਾਡੀਆਂ ਕਈ ਕਿਸਮਾਂ ਤਾਂ ਚਿਰ ਤੋਂ ਅਲੋਪ ਹੀ ਹੋ ਗਈਆਂ ਹਨ। ਤੂੰ ਕੋਈ ਅਕਲ ਦੇਹ ਸਾਨੂੰ।”

“ਪੀਲੇ ਦੇ ਬਾਪੂ ਮਰਨ ਨਾਲ ਮੈਨੂੰ ਬੜਾ ਧੱਕਾ ਲੱਗਿਆ ਹੈ। ਬੰਦਾ ਪੈਸੇ ਦੀ ਦੌੜ ਚ ਅੰਨ੍ਹਾ ਹੋਇਆ ਪਿਆ। ਪਾਣੀਆਂ ਵਿੱਚ ਜ਼ਹਿਰਾਂ ਘੁਲ ਗਈਆਂ ਹਨ। ਕੀਟਨਾਸ਼ਕਾਂ ਨੇ ਕੀਟ ਪਤੰਗੇ ਚਟਮ ਕਰ ਲਏ। ਹੁਣ ਡੱਡੂ ਖਾਣ ਤਾਂ ਕੀ ਖਾਣ?” ਡੱਡੂ ਧਿਆਨ ਨਾਲ ਬੁੱਢੇ ਡੱਡੂ

ਦੀਆਂ ਗੱਲਾਂ ਸੁਣ ਰਹੇ ਸਨ।

“ਦਾਦਾ!ਕਹਿੰਦੇ ਕੁਝ ਕੀੜੇ ਤੇ ਮੱਛਰ ਕੀਟ ਨਾਸ਼ਕਾਂ ਤੋਂ ਵੀ ਬਚ ਗਏ ਹਨ।”

“ਉਹੀ ਮੱਛਰ ਰੋਗ ਪੈਦਾ ਕਰ ਰਹੇ ਹਨ। ।”

“ਕਿਹੜੇ ਰੋਗ” ਇਕ ਡੱਡੂ ਨੇ ਪੁੱਛਿਆ।

“ਡੇਂਗੂ, ਮਲੇਰੀਆ, ਸਵਾਈਨ ਫਲੂ ਤੇ ਹੋਰ ਕਈ”। ਬੁੱਢੇ ਡੱਡੂ ਨੇ ਕਿਹਾ।

“ਪਰ ਅਸੀਂ ਤਾਂ ਇਨਸਾਨ ਦਾ ਕਦੀ ਕੁਝ ਨਹੀਂ ਬਿਗਾੜਿਆ”। ਬਜ਼ੁਰਗ ਡੱਡੂ ਅੱਗੇ ਬੋਲਿਆ,”ਤੁਹਾਨੂੰ ਪਤਾ ਕਿ ਸੈਂਕੜੇ ਡੱਡੂ ਮਾਰ ਕੇ ਬੰਦਾ ਆਪਣੇ ਰੋਗਾਂ ਦੇ ਇਲਾਜ ਲ਼ਈ ਦਵਾਈਆਂ ਤਿਆਰ ਕਰਦਾ ਹੈ।

ਡੱਡੂਆਂ ਤੋਂ ਮਨੋਰੋਗ, ਬੇਹੋਸ਼ੀ, ਕੈਂਸਰ ਇੱਥੋਂ ਤੱਕ ਕਿ ਏਡਜ਼ ਤੋਂ ਮੁਕਤੀ ਲਈ ਦਵਾਈ ਤਿਆਰ ਹੁੰਦੀ ਹੈ।”

“ਫੇਰ ਤਾਂ ਡੱਡੂਆਂ ਦੇ ਪੈਰੀਂ ਪੈਣਾ ਚਾਹੀਦਾ ਬੰਦੇ ਨੂੰ।” ਇਕ ਡੱਡੂ ਬੋਲਿਆ।

“ਪੈਣਾ ਤਾਂ ਚਾਹੀਦਾ।”ਬੁੱਢੇ ਡੱਡੂ ਨੇ ਕਿਹਾ।

“ਹੁਣ ਤਾਂ ਬੰਦੇ ਪੇਟੀਆਂ ਭਰ ਕੇ ਡੱਡੂ ਵਿਦੇਸ਼ਾਂ 'ਚ ਵੀ ਭੇਜਦੇ ਨੇ।” ਇਕ ਹੋਰ ਡੱਡੂ ਨੇ ਜਾਣਕਾਰੀ ਦਿੱਤੀ।

“ਇੰਨ੍ਹਾ ਡੱਡੂਆਂ ਦਾ ਲੋਕ ਕੀ ਕਰਦੇ ਨੇ, ਦਾਦਾ?”

“ਚੀਰ-ਫਾੜ ਕਰਦੇ ਨੇ ਪ੍ਰਯੋਗਸ਼ਾਲਾ ‘ਚ ਵਿਦਿਆਰਥੀ ਇੰਨ੍ਹਾ ਦੀ।”

“ਕਿਉਂ ਕਰਦੇ ਨੇ ਚੀੜਫਾੜ”?

“ਗਿਆਨ ਪ੍ਰਾਪਤ ਕਰਦੇ ਨੇ”*

“ਮੁਫ਼ਤ ਦਾ ਮਾਲ ਸਮਝ ਰੱਖਿਆ ਡੱਡੂਆਂ ਨੂੰ?”

”ਬੁੱਢੇ ਡੱਡੂ ਨੂੰ ਬੰਦਿਆਂ ਦਾ ਪੂਰਾ ਭੇਤ ਸੀ।

“ਦਾਦਾ! ਤੂੰ ਤਾਂ ਸਾਡੇ ਦਿਮਾਗ ਦੇ ਕਿਵਾੜ ਖੋਲ੍ਹ ਦਿੱਤੇ ਹਨ।” ਡੱਡੂ ਇਕੱਠੇ ਬੋਲੇ।

“ਇੱਥੇ ਹੀ ਬੱਸ ਨਹੀਂ ਮਨੁੱਖ ਨੂੰ ਪਤਾ ਵੀ ਹੈ ਕਿ ਡੱਡੂ ਅਲੋਪ ਹੋ ਰਹੇ ਹਨ। ਫੇਰ ਵੀ ਅੱਖਾਂ ਮੀਟੀ ਬੈਠਾ। ਪਤਾ ਨਹੀਂ ਇਸ ਨੂੰ ਹੋਸ਼ ਕਦੋਂ ਆਉਣੀ ਹੈ?”

“ਜਦੋਂ ਕੁਦਰਤ ਨੇ ਇਸ ਨੂੰ ਗਰਦਨ ਤੋਂ ਪਕੜ ਲਿਆ , ਓਦੋਂ ਹੋਸ਼ ਆਊ ਇਸ ਨੂੰ।” ਇਕ ਡੱਡੂ ਗ਼ੁੱਸੇ ‘ਚ ਬੋਲਿਆ।

ਦੇਖਦੇ ਦੇਖਦੇ ਦੋ ਡੱਡੂ ਉਥੇ ਆਕੇ ਘਾਹ ਤੇ ਲਿਟਣ ਲੱਗੇ। ਬਜ਼ੁਰਗ ਡੱਡੂ ਛੜੱਪਾ ਮਾਰ ਕੇ ਉਨ੍ਹਾ ਕੋਲ ਚਲਾ ਗਿਆ। ਉਨ੍ਹਾ ਦੇ ਪਿੰਡੇ ਪਲੋਸਦਾ ਬੋਲਿਆ,”ਯੂਰੀਆ ਸੋਖ਼ ਲਿਆ ਇੰਨ੍ਹਾ ਦੀ

ਚਮੜੀ ਨੇ।" ਕੁਝ ਸੋਚ ਕੇ ਉਹ ਕਹਿੰਦਾ,"ਘੰਟੇ ਦੋ ਘੰਟੇ ਦੇ ਪ੍ਰਾਹੁਣੇ ਨੇ ਇਹ ਤਾਂ।"ਚਾਰੇ ਪਾਸੇ ਮੁਰਦੇਹਾਣੀ ਚੁੱਪ ਪਸਰ ਗਈ।

"ਇਹ ਬੰਦਾ ਤਾਂ ਸਾਡੇ ਪਿੱਛੇ ਹੀ ਪੈ ਗਿਆ।"

"ਪਸ਼ੂ ਸਾਨੂੰ ਖੁਰਾਂ ਥੱਲੇ ਦੱਬ ਜਾਂਦੇ ਨੇ। ਸਾਡੇ ਘਰ ਢਾਹ ਜਾਂਦੇ ਨੇ। ਪਾਣੀਆਂ 'ਚ ਮੌਤ ਖਲੋਤੀ ਹੈ। ਭੁੱਖ ਨਾਲ ਤਾਂ ਸ਼ਾਇਦ ਅਸੀਂ ਨਾਂ ਮਰਦੇ, ਪਰ ਜ਼ਹਿਰੀਲੇ ਪਾਣੀ ਸਾਨੂੰ ਜ਼ਰੂਰ ਮਾਰ ਦੇਣਗੇ।"

ਦੇਖਦੇ ਦੇਖਦੇ ਇਕ ਉੱਡਣਾ ਬਾਜ ਧਰਤੀ ਤੇ ਉਤਰਿਆ ਅਤੇ ਇਕ ਮੋਟੇ ਡੱਡੂ ਨੂੰ ਨੋਕੀਲੇ ਪੰਜਿਆ 'ਚ ਦਬੋਚ ਕੇ ਔਹਗਿਆ ਔਹ ਗਿਆ। ਡੱਡੂਆਂ ਵਿਚਕਾਰ ਭਗਦੜ ਮੱਚ ਗਈ। ਸਾਰੇ ਆਪੋ ਆਪਣੀਆਂ ਲੁਕਣ ਗਾਹਾਂ ਵੱਲ ਦੌੜੇ।

"ਬੰਦੇ ਨੂੰ ਛੱਡੋ , ਸਾਨੂੰ ਤਾਂ ਜਾਨਵਰ ਵੀ ਮਾਰਨ ਦੀ ਝਾਕ 'ਚ ਰਹਿੰਦੇ ਹਨ।"

"ਮੌਤ ਸਾਡੇ ਸਿਰਾਂ ਤੇ ਮੰਡਲਾਉਂਦੀ ਆ ਦਾਦਾ, ਚਲੋ ਕਿਸੇ ਠਿਕਾਣੇ ਲੱਗੀਏ, ਕਿਤੇ ਅਣਿਆਈ ਮੌਤ ਨਾਂ ਮਾਰੇ ਜਾਈਏ। ਸਾਰੇ ਡੱਡੂ, ਬੁੱਢੇ ਡੱਡੂ ਨੂੰ ਨਾਲ ਲੈ ਕੇ ਛੱਪੜ 'ਚ ਲੁਕਣ ਲਈ 'ਚਲੇ ਗਏ। ਡੱਡੂਆਂ ਨੇ ਦੇਖਿਆ ਕਿ ਇਕ ਆਦਮੀ ਪਲਾਸਟਿਕ ਦਾ ਡੱਡੂ, ਜਿਸ ਦੇ ਮੂੰਹ ਵਿੱਚ ਧਾਤ ਦਾ ਸਿੱਕਾ ਸੀ, ਹੱਥ ਵਿੱਚ ਫੜੀ ਜਾ ਰਿਹਾ।

"ਦਾਦਾ! ਇਹ ਕੀ।" ਇਕ ਡੱਡੂ ਨੇ ਬੁੱਢੇ ਡੱਡੂ ਤੋਂ ਪੁੱਛਿਆ।

"ਮੈਂ ਬੰਦੇ ਕਹਿੰਦੇ ਸੁਣੇ ਹਨ ਕਿ ਪੈਸੇ ਵਾਲੇ ਡੱਡੂ ਦੇ ਘਰ ਵਿੱਚ ਰੱਖਣ ਨਾਲ ਧਨ ਤੇ ਖ਼ੁਸ਼ਹਾਲੀ ਆਉਂਦੀ ਘਰ ਵਿੱਚ", ਬੁੱਢੇ ਡੱਡੂ ਨੇ ਦੱਸਿਆ।

"ਜਿਉਂਦਿਆਂ ਨੂੰ ਮੁਕਾਉਣ ਲੱਗਾ ਹੈ ਅਤੇ ਪਲਾਸਟਿਕ ਦੇ ਡੱਡੂਆਂ ਦੇ ਮੂੰਹ ਵਿੱਚ ਪੈਸੇ ਤੁੰਨ ਕੇ ਦੌਲਤ ਅੜੇ ਖ਼ੁਸ਼ਹਾਲੀ ਭਾਲਦਾ ਫਿਰਦਾ ਹੈ ਅੱਜ ਦਾ ਮਨੁੱਖ।" ਬੁੱਢੇ ਡੱਡੂ ਨੇ ਆਪਣੀ ਗੱਲ ਜਾਰੀ ਰੱਖਦਿਆਂ ਕਿਹਾ।

ਹਰੀ ਕ੍ਰਿਸ਼ਨ ਮਾਇਰ ਨੇ ਵਿਗਿਆਨ ਦੇ ਵਿਸ਼ੇ ਫਿਜ਼ਿਕਸ ਦਾ ਤਿੰਨ ਦਹਾਕੇ ਅਧਿਆਪਨ ਕੀਤਾ। ਪੰਜਾਬ ਸਿੱਖਿਆ ਵਿਭਾਗ ਵਿਚੋਂ ਬਤੌਰ ਪ੍ਰਿੰਸੀਪਲ ਸੇਵਾ ਮੁਕਤ ਹੋਏ। ਵਿਗਿਆਨ ਦੇ ਵਿਸ਼ਿਆਂ ਤੇ ਨਿਬੰਧ ਅਕਸਰ ਪ੍ਰਕਾਸ਼ਤ ਹੁੰਦੇ ਰਹਿੰਦੇ ਹਨ। ਬਾਲ ਸਾਹਿਤ ਵਿੱਚ ਕਹਾਣੀ, ਕਵਿਤਾ, ਜੀਵਨੀਆਂ, ਬੁਝਾਰਤਾਂ ਦੀਆਂ ਤਕਰੀਬਨ ਪੰਦਰਾਂ ਪੁਸਤਕਾਂ ਛਪੀਆਂ ਹਨ। ਕੁਝ ਛਪਾਈ ਅਧੀਨ ਹਨ। ਉਹਨਾਂ ਦੀਆਂ ਪੁਸਤਕਾਂ 'ਮਹਾਨ ਖੋਜਕਾਰ', 'ਭਾਰਤੀ ਖੋਜਕਾਰ', 'ਅਸੀਂ ਜੀਵ ਜੰਤੂ' ਭਾਗ 1 ਅਤੇ 2 ਪੁਸਤਕਾਂ ਕਾਫ਼ੀ ਚਰਚਿਤ ਰਹੀਆਂ ਹਨ।

ਪਲਾਸਟਿਕ ਦੀ ਸਮੱਸਿਆ

ਸੰਸਾਰ ਵਿਚ ਪਲਾਸਟਿਕ ਦਾ ਉਤਪਾਦਨ ਇੰਨਾ ਵਧ ਗਿਆ ਹੈ ਕਿ ਕੋਈ ਵੀ ਚੀਜ਼ ਨਹੀਂ ਬਚੀ ਜਿਸ ਵਿੱਚ ਪਲਾਸਟਿਕ ਨਾ ਵਰਤਿਆ ਜਾਂਦਾ ਹੋਵੇ - ਬੱਚਿਆਂ ਦੇ ਖਿਡੌਣਿਆਂ ਤੋਂ ਲੈ ਕੇ ਪਾਣੀ ਦੀਆਂ ਬੋਤਲਾਂ ਤੇ ਸਭ ਤਰ੍ਹਾਂ ਦੀ ਪੈਕਿੰਗ ਵਿੱਚ ਪਲਾਸਟਿਕ ਵਰਤਿਆ ਜਾਂਦਾ ਹੈ। ਜੀਵਾਂ ਦੇ ਫ਼ਾਸਿਲਜ਼ ਤੋਂ ਫੈਕਟਰੀਆਂ ਵਿਚ ਤਿਆਰ ਹੋਣ ਵਾਲਾ ਪਲਾਸਟਿਕ ਆਪਣੇ ਆਪ ਮਿੱਟੀ ਵਿੱਚ ਨਹੀਂ ਗਲ਼ਦਾ ਤੇ ਸਦੀਆਂ ਤੱਕ ਇੰਝ ਹੀ ਪਿਆ ਰਹੇਗਾ। ਹਾਲਾਂਕਿ ਉਸਦੀ ਮੁੜ ਵਰਤੋਂ (Recycle/Reuse) ਹੋ ਸਕਦੀ ਹੈ ਪਰ ਪੂਰੀ ਦੁਨੀਆ ਵਿੱਚ ਸਿਰਫ਼ 10% ਪਲਾਸਟਿਕ ਹੀ ਮੁੜ-ਵਰਤੋਂ ਵਿੱਚ ਆਉਂਦਾ ਹੈ, ਬਾਕੀ ਜਾਂ ਤਾਂ ਸਾੜ ਦਿੱਤਾ ਜਾਂਦਾ ਹੈ, ਜ਼ਮੀਨ ਵਿੱਚ ਦੱਬ ਦਿੱਤਾ ਜਾਂਦਾ ਹੈ, ਜਾਂ ਸਮੁੰਦਰ ਵਿੱਚ ਚਲਿਆ ਜਾਂਦਾ ਹੈ ਜੋ ਕਿ ਸਮੁੰਦਰੀ ਜੀਵ-ਜੰਤੂਆਂ ਲਈ ਬਹੁਤ ਖ਼ਤਰਨਾਕ ਹੈ। ਜਿਸ ਨਾਲ਼ ਹੌਲ਼ੀ-ਹੌਲ਼ੀ ਮੱਛੀਆਂ ਤੇ ਹੋਰ ਸਮੁੰਦਰੀ ਜੀਵ-ਜੰਤੂ ਮਰਨ ਲੱਗੇ ਪਏ ਹਨ, ਪਲਾਸਟਿਕ ਦੇ ਟੁਕੜੇ ਉਹਨਾਂ ਦੇ ਪੇਟ ਵਿੱਚ ਫ਼ਸ ਜਾਂਦੇ ਹਨ ਤੇ ਫਿਰ ਉਹ ਮੁੜ ਕੇ ਕੁੱਝ ਖਾ ਨਹੀਂ ਸਕਦੇ ਤੇ ਤੜਪ ਤੜਪ ਕੇ ਮਰਨ ਲੱਗ ਪੈਂਦੇ ਹਨ। ਸਮੁੰਦਰ ਵਿੱਚ ਜਗ੍ਹਾ-ਜਗ੍ਹਾ ਪਲਾਸਟਿਕ ਦੇ ਟੁਕੜਿਆਂ ਦੇ ਵਿਸ਼ਾਲ ਟਾਪੂ ਬਣਨ ਲੱਗ ਪਏ ਹਨ। ਹੌਲ਼ੀ-ਹੌਲ਼ੀ ਛੋਟੇ-ਛੋਟੇ ਪਲਾਸਟਿਕ ਦੇ ਟੁਕੜੇ ਮਨੁੱਖੀ ਖਾਣੇ ਵਿਚ ਵੀ ਆਉਣ ਲੱਗ ਪਏ ਹਨ ਜਿਸਦੀ ਵਜ੍ਹਾ ਨਾਲ਼ ਕੈਂਸਰ ਵਰਗੀਆਂ ਮਾਰੂ ਬਿਮਾਰੀਆਂ ਹੋ ਸਕਦੀਆਂ ਹਨ। ਇਸ ਕਰਕੇ ਸਾਨੂੰ ਸਭ ਨੂੰ ਪਲਾਸਟਿਕ ਘੱਟ ਵਰਤਣਾ ਚਾਹੀਦਾ ਹੈ ਤੇ ਵੱਧ ਤੋਂ ਵੱਧ ਰੀਸਾਈਕਲ ਕਰਨਾ ਚਾਹੀਦਾ ਹੈ। – ਅਮਨਦੀਪ ਸਿੰਘ

ਕੁਦਰਤ ਦੇ ਰੰਗਾਂ ਬਾਰੇ ਬਾਲਾਂ ਲਈ ਨਾਟਕ -ਸਤਰੰਗੀ ਪੀਂਘ

ਡਾ. ਦੇਵਿੰਦਰ ਪਾਲ ਸਿੰਘ, ਕੈਨੇਡਾ

ਪਾਤਰ:ਕੁਦਰਤ: ਰੰਗ ਬਰੰਗੇ ਫੁੱਲਾਂ ਨਾਲ ਸਜੀ ਹਰੇ ਰੰਗ ਦੀ ਪੁਸ਼ਾਕ ਪਹਿਨੀ ਇਕ 40 ਕੁ ਸਾਲ ਦੀ ਔਰਤ

ਸੱਤ ਰੰਗ (ਹਰਾ, ਨੀਲਾ, ਪੀਲਾ, ਸੰਤਰੀ, ਲਾਲ, ਜਾਮਨੀ ਤੇ ਨੀਲ ਰੰਗ) ਦੀਆਂ ਪੁਸ਼ਾਕਾਂ ਪਹਿਨੀ ਸੱਤ ਛੋਟੇ ਬੱਚੇ

ਬਾਰਸ਼: ਹਲਕੇ ਸਲੇਟੀ ਰੰਗ ਦੀ ਪੁਸ਼ਾਕ ਪਹਿਨੀ ਇਕ 30 ਕੁ ਸਾਲ ਦੀ ਔਰਤ

ਪਟਕਥਾ

(ਸਥਾਨ: ਜੰਗਲ ਵਿਚ ਮਾਂ-ਕੁਦਰਤ ਇਕ ਰੁੱਖ ਹੇਠ ਬੈਠੀ ਹੈ। ਕੋਲ ਹੀ ਉਸ ਦੇ ਬੱਚੇ ਵਿਭਿੰਨ (ਸੱਤ) ਰੰਗਾਂ ਵਿਚ ਲਿਪਟੇ ਖੇਡ ਰਹੇ ਹਨ। ਅਚਾਨਕ ਹੀ ਹਰਾ ਰੰਗ ਤੇ ਨੀਲਾ ਰੰਗ ਉੱਚੀ ਉੱਚੀ ਝਗੜਣ ਲਗਦੇ ਹਨ।)

ਨੀਲਾ ਰੰਗ: ਇਹ ਸੱਚ ਨਹੀਂ ਹੈ।

ਹਰਾ ਰੰਗ: ਹਾਂ ਹਾਂ! ਇਹੋ ਹੀ ਸੱਚ ਹੈ।

(ਕੁਦਰਤ ਉਠ ਖੜੀ ਹੁੰਦੀ ਹੈ ਅਤੇ ਮੱਧਮ ਸੁਰ ਵਿਚ ਬੋਲਦੀ ਹੈ।) ਕੁਦਰਤ: ਕੀ ਗੱਲ ਹੈ? ਤੁਸੀਂ ਦੋਨੋਂ ਝਗੜ ਕਿਉਂ ਰਹੇ ਹੋ?

(ਨੀਲਾ ਰੰਗ ਤੇ ਹਰਾ ਰੰਗ ਦੋਨੋਂ ਮਾਂ-ਕੁਦਰਤ ਕੋਲ ਆਉਂਦੇ ਹਨ।)

ਨੀਲਾ ਰੰਗ: ਹਰਾ ਕਹਿੰਦਾ ਹੈ ਕਿ ਉਹ ਸੱਭ ਤੋਂ ਉੱਤਮ ਰੰਗ ਹੈ। ਇਹ ਸੱਚ ਨਹੀਂ ਹੈ..... ਕਿਉਂ ਕਿ ਸੱਭ ਤੋਂ ਉੱਤਮ ਤਾਂ ਮੈਂ ਹਾਂ।

ਹਰਾ ਰੰਗ: ਬਿਲਕੁਲ ਗਲਤ ਕਹਿ ਰਿਹਾ ਹੈ ਨੀਲਾ । ਝੂਠਾ ਕਿਸੇ ਥਾਂ ਦਾ.....ਸੱਭ ਤੋਂ ਉੱਤਮ ਤਾਂ ਮੈਂ ਹਾਂ । ਮੈਂ ਹਾਂ । ਮੈਂ ਹਾਂ ।

ਕੁਦਰਤ: (ਹਰੇ ਰੰਗ ਨੂੰ) ਤੂੰ ਅਜਿਹਾ ਕਿਉਂ ਸੋਚਦਾ ਏ? ਤੂੰ ਖੁਦ ਨੂੰ ਸੱਭ ਤੋਂ ਉੱਤਮ ਕਿਵੇਂ ਮੰਨ ਲਿਆ?

ਹਰਾ ਰੰਗ: ਓਹ ਅੰਮੀ! (ਰੋਣਹਾਕਾ ਜਿਹਾ ਹੋ ਕੇ) ਤੁਸੀਂ ਵੀ?

ਕੁਦਰਤ: ਮੈਂ ਤੈਨੂੰ ਸਵਾਲ ਪੁੱਛਿਆ ਹੈ ਹਰੇ । ਤੂੰ ਅਜਿਹਾ ਕਿਵੇਂ ਸੋਚ ਲਿਆ?

ਹਰਾ ਰੰਗ: ਕਿਉਂ ਕਿ.....ਕਿਉਂ ਕਿ .....ਮੈਂ ਜੀਵਨ ਤੇ ਆਸ ਦਾ ਚਿੰਨ੍ਹ ਹਾਂ। ਜ਼ਰਾ ਆਪਣੇ ਵੱਲ ਹੀ ਦੇਖੋ ਅੰਮੀ, ਤੁਹਾਡੀ ਪੁਸ਼ਾਕ ਵੀ ਤਾਂ ਹਰੀ ਹੈ।.....ਜ਼ਰਾ ਆਲੇ ਦੁਆਲੇ ਨਜ਼ਰ ਮਾਰੋ। ਘਾਹ ਵੀ ਹਰਾ ਹੈ ਤੇ ਰੁੱਖ ਵੀ। ਹਰੇ ਚਾਰੇ ਨੂੰ ਪਸੂ ਵੀ ਚਾਅ ਨਾਲ ਖਾਂਦੇ ਹਨ ਤੇ ਜੰਗਲੀ ਜੀਵਾਂ ਨੂੰ ਵੀ ਹਰਾ ਭਰਾ ਜੰਗਲ ਹੀ ਪਸੰਦ ਹੈ। ਕਿਸਾਨ ਵੀ ਹਰੀਆਂ ਭਰੀਆਂ ਫਸਲਾਂ ਦੇਖ ਖੁਸ਼ ਹੁੰਦਾ ਹੈ ਤੇ ਪੰਛੀ ਵੀ ਹਰੇ ਭਰੇ ਰੁੱਖਾਂ ਉੱਤੇ ਹੀ ਘਰ ਬਣਾਉਂਦੇ ਨੇ ..... ਗੱਲ ਕੀ ਹਰ ਕੋਈ ਹੀ ਮੈਨੂੰ ਪਸੰਦ ਕਰਦਾ ਏ। ਇਸੇ ਲਈ ਮੈਂ ਸੱਭ ਤੋਂ ਉੱਤਮ ਹਾਂ।

(ਸਾਰੇ ਰੰਗ ਰੌਲਾ ਪਾਉਣ ਲੱਗਦੇ ਨੇ।)

ਸਾਰੇ ਰੰਗ: ਮੈਂ..... ਮੈਂ..... ਮੈਂ ।

ਕੁਦਰਤ: ਤੁਸੀਂ ਸਾਰੇ ਹੀ ਅਹਿਮ ਹੋ। ਸਾਰੇ ਹੀ ਉੱਤਮ।

ਨੀਲਾ ਰੰਗ: ਅੰਮਾਂ ਬਿਲਕੁਲ ਠੀਕ ਕਹਿੰਦੀ ਹੈ। ਹਰੇ ਤੂੰ ਤਾਂ ਆਲੇ ਦੁਆਲੇ ਦੀ ਗੱਲ ਕਰਦਾ ਹੈ ਪਰ ਜ਼ਰਾ ਅੰਬਰ ਵੱਲ ਵੀ ਦੇਖ ਤਾਂ। ਅੰਬਰ ਤਾਂ ਮੇਰੇ ਹੀ ਰੰਗ ਵਿਚ ਰੰਗਿਆ ਪਿਆ ਹੈ। ਅੰਬਰ ਦਾ ਨੀਲਾਪਣ ਵਿਸ਼ਾਲਤਾ, ਸ਼ਾਂਤੀ ਤੇ ਸੰਜੀਦਗੀ ਦਾ ਚਿੰਨ੍ਹ ਹੈ। ਸ਼ਾਂਤੀ ਤੋਂ ਬਿਨ੍ਹਾਂ ਤਾਂ ਜੀਵਨ ਹੀ ਕੁਝ ਨਹੀਂ। ..... ਹੋਰ ਤਾਂ ਹੋਰ ਜ਼ਰਾ ਸਮੁੰਦਰਾਂ ਦਾ ਰੰਗ ਤਾਂ ਦੇਖ ॥।ਉਥੇ ਮੈਂ ਹੀ ਤਾਂ ਹਾਂ ਸੱਭ ਪਾਸੇ ਫੈਲਿਆ ਹੋਇਆ। ਪੁਲਾੜ 'ਚੋਂ ਦੇਖਿਆਂ ਪੂਰੀ ਧਰਤੀ ਹੀ ਨੀਲੀ ਭਾਹ ਮਾਰਦੀ ਹੈ ਜਿਵੇਂ ਮਾਂ-ਕੁਦਰਤ ਨੂੰ ਇਹ ਰੰਗ ਬਹੁਤ ਪਸੰਦ ਹੋਵੇ।

ਕੁਦਰਤ: ਇਥੇ ਅਸੀਂ ਮੇਰੀ ਪਸੰਦ ਨਾਪਸੰਦ ਦੀ ਗੱਲ ਨਹੀਂ ਕਰ ਰਹੇ।

ਪੀਲਾ ਰੰਗ: ਹਾਅ ਹਾਅ ਹਾਅ। (ਉੱਚੀ ਉੱਚੀ ਹਸਦੇ ਹੋਏ)

ਹਰਾ ਰੰਗ: ਇਹ ਕੋਈ ਮਜ਼ਾਕ ਦੀ ਗੱਲ ਨਹੀਂ।

ਪੀਲਾ ਰੰਗ: ਬਿਲਕੁਲ ਹੈ। ਤੁਸੀਂ ਸਾਰੇ ਤਾਂ ਗਮਗੀਨ ਲੱਗਦੇ ਹੋ। ॥॥ਜ਼ਰਾ ਮੇਰੇ ਵੱਲ ਦੇਖੋ। ਮੈਂ ਖੁਸ਼ੀ ਦਾ ਚਿੰਨ੍ਹ ਹਾਂ। ਮੈਂ ਦੁਨੀਆਂ ਵਿਚ ਹਾਸਾ ਖੇੜੇ ਵੰਡਦਾ ਰਹਿੰਦਾ ਹਾਂ। ਬਹਾਰ ਦੀ ਆਮਦ ਨਾਲ ਹੀ ਮੈਂ ਹਰ ਕਿਸੇ ਦੀ ਜ਼ਿੰਦਗੀ ਵਿਚ ਖੁਸ਼ੀਆਂ ਭਰ ਦੇਂਦਾ ਹਾਂ। ਪੀਲੇ ਫੁੱਲਾਂ ਲੱਦੇ ਸਰਸੋਂ ਦੇ ਖੇਤ ਦੇਖ ਹਰ ਕਿਸੇ ਦਾ ਮਨ ਝੂੰਮ ਉੱਠਦਾ ਹੈ। ਹੋਰ ਤਾਂ ਹੋਰ ਠੰਢੇ ਮੌਸਮ ਵਿਚ ਤੁਹਾਨੂੰ ਨਿੱਘ ਕੌਣ ਦਿੰਦਾ ਹੈ? .....ਇਹ ਸੂਰਜ ਹੀ ਤਾਂ ਹੈ। ਅਤੇ ਸੂਰਜ ਵੀ ਸੁਨਿਹਰੀ-ਪੀਲਾ ਹੀ ਹੈ..... ਹਾਅ ਹਾਅ ਹਾਅ (ਪੀਲਾ ਰੰਗ ਠਹਾਕਾ ਮਾਰ ਕੇ ਹੱਸਦਾ ਹੈ।) ਓਹ ਹੋ! ॥॥।ਮੈਂ ਤਾਂ ਅੰਮੀ ਬਾਰੇ ਭੁੱਲ ਹੀ ਗਿਆ। ਅੰਮੀ ਦੇ ਕੰਨਾਂ ਦੀਆਂ ਵਾਲੀਆਂ ਵੀ ਤਾਂ ਸੁਨਿਹਰੀ-ਪੀਲੇ ਰੰਗ ਦੀਆਂ ਹਨ।

ਕੁਦਰਤ: ਓਹ! ਮੇਰੇ ਪਿਆਰੇ ਬੱਚਿਓ! ਆਪਸ ਵਿਚ ਝਗੜਣਾ ਚੰਗੀ ਗੱਲ ਨਹੀਂ। ਤੁਸੀਂ ਸਾਰੇ ਹੀ ਬਹੁਤ ਅਹਿਮ ਹੋ।

ਸੰਤਰੀ ਰੰਗ: ਅੰਮੀ! ਅੰਮੀ! ਮੇਰੀ ਵੀ ਗੱਲ ਸੁਣੋ ਨਾ!

ਨੀਲਾ ਰੰਗ: ਚੁੱਪ ਰਹਿ ਸੰਤਰੀ! ਐਂਵੇ ਨਾ ਬੋਲ ਸਾਡੀ ਗੱਲ ਵਿਚ।

ਹਰਾ ਰੰਗ: ਸੰਤਰੀ। ਮੂੰਹ ਬੰਦ ਰੱਖ! ਇਸ ਗੱਲ ਨਾਲ ਤੇਰਾ ਕੋਈ ਲੈਣਾ ਦੇਣਾ ਨਹੀਂ।

ਪੀਲਾ ਰੰਗ: ਓਹ ਹੋ! ਕੌਣ ਹੈ ਤੂੰ ਬਈ! ਮੈਂ ਤਾਂ ਤੈਨੂੰ ਪਹਿਲਾਂ ਕਦੇ ਦੇਖਿਆਂ ਵੀ ਨਹੀਂ.....ਹਾਅ ਹਾਅ ਹਾਅ (ਪੀਲਾ ਰੰਗ ਠਹਾਕਾ ਮਾਰ ਕੇ ਹੱਸਦਾ ਹੈ।)

ਕੁਦਰਤ: ਚੁੱਪ ਕਰੋ ਸਾਰੇ! ਸ਼ਰਾਰਤੀ ਕਿਸੇ ਥਾਂ ਦੇ। ਬੋਲਣ ਦਿਓ ਉਸ ਨੂੰ।

ਸੰਤਰੀ ਰੰਗ: ਮੈਂ ਸਿਹਤ ਤੇ ਤਾਕਤ ਦਾ ਚਿੰਨ੍ਹ ਹਾਂ। ਫਲਾਂ ਤੇ ਸਬਜ਼ੀਆਂ ਵਿਚ ਵਿਟਾਮਿਨਾਂ ਦੀ ਭਰਮਾਰ ਦਾ ਪ੍ਰਤੀਕ। ਜ਼ਰਾ ਗਾਜਰਾਂ, ਕੱਦੂ, ਸੰਤਰੇ, ਅੰਬਾਂ, ਖਰਬੂਜੇ ਅਤੇ ਪਪੀਤੇ ਦੇ ਰੰਗ ਨੂੰ ਹੀ ਦੇਖ ਲਵੋ। ਹਰ ਪਾਸੇ ਮੈਂ ਹੀ ਹਾਂ।

ਪੀਲਾ ਰੰਗ: ਚੁੱਪ ਕਰ ਠੈਂਗਣਾ ਜਿਹਾ ਨਾ ਹੋਵੇ ਤਾਂ! ਤੂੰ ਤਾਂ ਖਾਸਾ ਹੀ ਸਿਰ ਖਾਂਦਾ ਏ।

ਸੰਤਰੀ ਰੰਗ: ਜ਼ਰਾ ਗੱਲ ਤਾਂ ਸੁਣ ਲੈ। ਮੈਂ ਤੇਰੇ ਵਾਂਗ ਹਰ ਥਾਂ ਨਹੀਂ ਡੁੱਲਿਆ ਫਿਰਦਾ। ਪਰ ਸੂਰਜ ਦੇ ਚੜ੍ਹਣ ਜਾਂ ਡੁੱਬਣ ਸਮੇਂ ਜਦੋਂ ਮੈਂ ਪੂਰੇ ਅੰਬਰ ਵਿਚ ਫੈਲ ਜਾਂਦਾ ਹਾਂ ਤਾਂ ਹਰ ਕੋਈ ਅਸ਼ ਅਸ਼ ਕਰ ਉੱਠਦਾ ਹੈ। ਤਦ ਤੁਹਾਡੇ ਸੱਭ ਵੱਲ ਕੋਈ ਧਿਆਨ ਵੀ ਨਹੀਂ ਦਿੰਦਾ..... ਓਹ ਅੰਮੀ ਦੇ ਚਿਹਰੇ ਦੀ ਸੰਤਰੀ ਭਾਹ, ਕਿੰਨੀ ਪਿਆਰੀ ਤੇ ਸੋਹਣੀ ਲੱਗਦੀ ਹੈ। ਇਸ ਲਈ ਭਾਵੇਂ ਤੁਹਾਨੂੰ ਚੰਗਾ ਲੱਗੇ ਜਾਂ ਨਾ ..... ਪਰ ਮੈਂ ਹੀ ਹਾਂ ਸੱਭ ਤੋਂ ਸੋਹਣਾ ਰੰਗ।

ਲਾਲ ਰੰਗ: ਮੈਨੂੰ ਇਹ ਚਿੜ ਚਿੜ ਉੱਕਾਂ ਹੀ ਪਸੰਦ ਨਹੀਂ। ਤੁਹਾਡਾ ਸੱਭ ਦਾ ਮਸਲਾ ਹੈ ਕੀ?.....ਹੈਲੋ ..... ਮੈਂ ਇਧਰ ਹਾਂ।

(ਸਾਰੇ ਰੰਗ ਲਾਲ ਰੰਗ ਵੱਲ ਝਾਂਕਦੇ ਹਨ।)

ਕੁਦਰਤ: ਚੁੱਪ ਕਰ ਮੇਰੇ ਲਾਲ! (ਲਾਲ ਰੰਗ ਦਾ ਸਿਰ ਪਲੋਸਦੀ ਹੋਈ।) ਪਹਿਲਾਂ ਹੀ ਘੜਮੱਸ ਮੱਚਿਆ ਪਿਆ ਏ।

ਲਾਲ ਰੰਗ: ਮਾਫ਼ ਕਰਨਾ ਅੰਮੀ! ਪਰ ਮੈਂ ਚੁੱਪ ਨਹੀਂ ਰਹਿ ਸਕਦਾ। ਮੇਰੀ ਗੱਲ ਵੀ ਸੱਭ ਨੂੰ ਸੁਨਣੀ ਪਵੇਗੀ.....ਮੇਰੇ ਰੰਗ ਨੂੰ ਦੇਖੋ। ਜੀਵਾਂ ਦੀਆਂ ਰਗਾਂ ਵਿਚ ਵਗਦਾ ਖ਼ੂਨ ਮੇਰਾ ਹੀ ਰੰਗ ਹੈ। ਉਮੰਗ, ਪਿਆਰ ਤੇ ਕੁਰਬਾਨੀ ਦਾ ਚਿੰਨ੍ਹ ਹਾਂ ਮੈਂ। ਧਰਮ ਅਤੇ ਬਲੀਦਾਨ ਲਈ ਵਹਿੰਦਾ ਹੋਈ ਧਾਰਾ ਮੈਂ ਹੀ ਹਾਂ। ਸ਼ਹੀਦਾਂ ਦਾ ਲਾਲ ਖ਼ੂਨ, ਕੌਮਾਂ ਦੀ ਤਕਦੀਰ ਬਦਲਣ ਦੀ ਸਮਰਥਾ ਰਖੱਦਾ ਹੈ। ..... ਤੇ ਭਲਾ ਗੁਲਾਬ ਦੇ ਲਾਲ ਸੁਰਖ਼ ਫੁੱਲਾਂ ਨੂੰ ਕੋਈ ਕਿਵੇਂ ਭੁੱਲ ਸਕਦਾ ਹੈ? ..... ਦਿਲ ਦੀਆਂ ਸੂਖ਼ਮ ਭਾਵਨਾਵਾਂ ਨੂੰ ਪ੍ਰਗਟ ਕਰਨ ਲਈ ਨੋਜੁਆਨ ਲਾਲ ਗੁਲਾਬਾਂ ਨੂੰ ਹੀ ਤਰਜ਼ੀਹ ਦਿੰਦੇ ਨੇ। ਹੋਰ ਤਾਂ ਹੋਰ ਅੰਮੀ ਦੇ ਬੁੱਲ ਵੀ ਤਾਂ ਲਾਲ ਹਨ।

ਜਾਮਨੀ ਰੰਗ: ਮੈਂ ਵੀ ਕੁਝ ਕਹਿ ਸਕਦਾ ਹਾਂ? (ਸਵਾਲੀਆ ਨਜ਼ਰਾਂ ਨਾਲ ਸੱਭ ਨੂੰ ਦੇਖਦਾ ਹੋਇਆ।)

ਨੀਲਾ ਰੰਗ: ਹਾਂ! ਹਾਂ! ਤੂੰ ਕਿਉਂ ਪਿੱਛੇ ਰਹਿੰਦਾ ਹੈ। ਤੂੰ ਵੀ ਆਪਣੀ ਭੜਾਸ ਕੱਢ ਲੈ।

ਹਰਾ ਰੰਗ: ਪਰ ਆਪਣਾ ਭਾਸ਼ਣ ਜ਼ਰਾ ਛੋਟਾ ਰੱਖੀ।

ਜਾਮਨੀ ਰੰਗ: ਮੈਂ ਤਾਕਤ ਤੇ ਸ਼ਾਹੀ ਠਾਠ ਦਾ ਚਿੰਨ੍ਹ ਹਾਂ। ਰਾਜੇ, ਮਹਾਂਰਾਜੇ, ਰਾਜ ਦਰਬਾਰੀ ਤੇ ਅਮੀਰ ਸਦਾ ਮੈਨੂੰ ਹੀ ਪਸੰਦ ਕਰਦੇ ਨੇ।

ਲਾਲ ਰੰਗ: ਤੈਨੂੰ ਪਸੰਦ ਕਰਦੇ ਨੇ? ਭਲਾ ਤੂੰ ਹੈ ਕਾਹਦੇ ਜੋਗਾ?

ਜਾਮਨੀ ਰੰਗ: ਮੈਂ ਸੱਤਾ ਤੇ ਸਿਆਣਪ ਦਾ ਪ੍ਰਤੀਕ ਹਾਂ। ਲੋਕ ਮੇਰੇ ਅੱਗੇ ਬੋਲਦੇ ਨਹੀਂ। ਸਗੋਂ ਮੈਂ ਜਦ ਬੋਲਦਾ ਹਾਂ ਉਹ ਧਿਆਨ ਨਾਲ ਸੁਣਦੇ ਨੇ ਤੇ ਮੇਰੇ ਹੁਕਮਾਂ ਦੀ ਪਾਲਣਾ ਕਰਦੇ ਨੇ।

ਪੀਲਾ ਰੰਗ: (ਠਹਾਕਾ ਮਾਰ ਕੇ ਹੱਸਦੇ ਹੋਏ) ਹਾਅ..... ਹਾਅ ..... ਹਾਅ । ਜਿਵੇਂ ਇਹ ਸਾਰੇ ਤੈਨੂੰ ਸੁਣਦੇ ਨੇ।

ਮਾਂ-ਕੁਦਰਤ: ਤੁਸੀਂ ਸਾਰੇ ਬਹੁਤ ਗੁਸਤਾਖ਼ ਹੋ।

ਨੀਲ ਰੰਗ: ਮੈਂ ਨਹੀਂ ਅੰਮੀ! ਮੈਂ ਤਾਂ ਚੁੱਪ ਦਾ ਚਿੰਨ ਹਾਂ।

ਨੀਲਾ ਰੰਗ: ਜੇ ਤੂੰ ਚੁੱਪ ਦਾ ਚਿੰਨ੍ਹ ਹੈ ..... ਤਾਂ ਚੁੱਪ ਰਹਿ। .....ਬੋਲਦਾ ਕਿਉਂ ਏ?

ਪੀਲਾ ਰੰਗ: (ਠਹਾਕਾ ਮਾਰ ਕੇ ਹੱਸਦੇ ਹੋਏ) ਹਾਅ..... ਹਾਅ..... ਹਾਅ । ਵਾਹ ਨੀਲੇ ਵਾਹ! ਖ਼ੂਬ ਕਿਹਾ ਤੂੰ! ਨਿੱਕਚੂ ਜਿਹਾ ਨੀਲੂ-ਘਚੀਲੂ ਜਿਆਦਾ ਹੀ ਟੈਂ ਟੈਂ ਕਰਦਾ ਏ।

ਨੀਲ ਰੰਗ: ਮੈਂ ਜਾਣਦਾ ਹਾਂ ਤੁਸੀਂ ਸਾਰੇ ਮੈਨੂੰ ਜ਼ਰਾ ਮਾਣ ਨਹੀਂ ਦਿੰਦੇ । ਪਰ ਮੇਰੇ ਬਿਨ੍ਹਾਂ ਤੁਸੀਂ ਸਿਰਫ਼ ਖੋਖਲਾ ਦਿਖਾਵਾ ਹੀ ਹੋ। ਮੈਂ ਤਾਂ ਕਲਪਨਾ ਤੇ ਖਿਆਲਾਂ ਦਾ ਰੰਗ ਹਾਂ। ਮੈਂ ਤਾਂ ਆਥਣ ਤੇ ਡੂੰਘੇ ਪਾਣੀਆਂ ਦਾ ਰੰਗ ਹਾਂ। ਸੰਤੁਲਨ ਅਤੇ ਤੁਲਨਾ, ਮਨ ਦੀ ਸ਼ਾਂਤੀ ਤੇ ਬੰਦਗੀ ਲਈ ਮੇਰੀ ਹੀ ਲੋੜ ਪੈਂਦੀ ਹੈ।

ਹਰਾ ਰੰਗ: ਤੂੰ ਗਲਤ ਬੋਲ ਰਿਹਾ ਹੈ। ਸਾਨੂੰ ਤੇਰੀ ਲੋੜ ਨਹੀਂ।

ਲਾਲ ਰੰਗ: ਆਹ! ਤੁਸੀਂ ਸਾਰੇ ਕਮੀਨੇ ਹੋ।

ਸੰਤਰੀ ਰੰਗ: ਦਫਾ ਹੋ ਇਥੋਂ।

(ਮਾਂ-ਕੁਦਰਤ ਆਪਣੀਆਂ ਬਾਹਾਂ ਉਪਰ ਚੁੱਕ ਅੰਬਰ ਵੱਲ ਦੇਖਦੀ ਹੈ।)

ਕੁਦਰਤ: ਹੈ ਸਿਰਜਣਹਾਰ! ਹੁਣ ਤਾਂ ਤੂੰ ਹੀ ਇਨ੍ਹਾਂ ਦਾ ਕੋਈ ਹੱਲ ਕਰ ਸਕਦਾ ਹੈ। ਮੈਂ ਤਾਂ ਥੱਕ ਗਈ ਹਾਂ ਇਨ੍ਹਾਂ ਦੇ ਰੋਜ਼ ਰੋਜ਼ ਦੇ ਝਗੜੇ ਦੇਖ ਦੇਖ..... ਹੇ ਮਾਲਕ! ਕ੍ਰਿਪਾ ਕਰ। ਇਨ੍ਹਾਂ ਨੂੰ ਸਮਝ ਬਖ਼ਸ਼।

(ਬੱਦਲਾਂ ਦੀ ਉੱਚੀ ਗੜਗੜਾਹਟ ਸੁਣਾਈ ਦਿੰਦੀ ਹੈ। ਬਿਜਲੀ ਚਮਕਦੀ ਹੈ। ਤੇ ਬਾਰਸ਼ ਸਟੇਜ ਉੱਤੇ ਆ ਜਾਂਦੀ ਹੈ। ਸਾਰੇ ਰੰਗ ਡਰਦੇ ਮਾਰੇ ਝੁਕਦੇ ਹੋਏ ਇਕ ਦੂਜੇ ਦੇ ਕੋਲ ਕੋਲ ਹੋ ਜਾਂਦੇ ਹਨ।)

ਬਾਰਸ਼: ਤੁਸੀਂ ਸਾਰੇ ਬਹੁਤ ਮੂਰਖਤਾ ਕਰਦੇ ਹੋ..... ਜਦ ਦੂਜਿਆਂ ਉੱਤੇ ਭਾਰੂ ਹੋਣ ਲਈ ਆਪਸ ਵਿਚ ਲੜਦੇ ਹੋ । ਤੁਸੀਂ ਭੁੱਲ ਰਹੇ ਹੋ ਕਿ ਤੁਹਾਨੂੰ ਸੱਭ ਨੂੰ ਖਾਸ ਮਕਸਦ ਲਈ ਨਿਆਰੇ ਤੇ ਨਿਰਾਲੇ ਬਣਾਇਆ ਗਿਆ ਹੈ।

ਸਾਰੇ ਰੰਗ: ਸਾਨੂੰ ਅਫਸੋਸ ਹੈ ..... ਅਸੀਂ ਗਲਤ ਸਾਂ।

ਬਾਰਸ਼: ਹੁਣ ਤੁਸੀਂ ਸਾਰੇ ਆਪਸ ਵਿਚ ਹੱਥ ਮਿਲਾਉ ਤੇ ਮੇਰੇ ਕੋਲ ਆਉ। (ਸਾਰੇ ਇਕ ਦੂਜੇ ਦਾ ਹੱਥ ਫੜ ਕੇ ਖੜੇ ਹੋ ਜਾਂਦੇ ਹਨ।) ਹੁਣ ਜਦੋਂ ਵੀ ਬਾਰਸ਼ ਆਵੇਗੀ ਤੁਸੀਂ ਸਾਰੇ ਸਤਰੰਗੀ ਪੀਂਘ ਬਣ ਅੰਬਰ ਵਿਚ ਫੈਲ ਜਾਵੋਗੇ। ਤਾਂ ਕਿ ਸੱਭ ਨੂੰ ਪਤਾ ਲਗ ਸਕੇ ਕਿ ਤੁਸੀਂ ਪਿਆਰ ਤੇ ਸ਼ਾਂਤੀ ਨਾਲ ਜੀਣਾ ਸਿੱਖ ਲਿਆ ਹੈ।

ਮਾਂ-ਕੁਦਰਤ: ਮੇਰੀਏ ਭੈਣੇ! ਜ਼ਰਾ ਇਨ੍ਹਾਂ ਨੂੰ ਸਤਰੰਗੀ ਪੀਂਘ ਦਾ ਮਤਲਬ ਵੀ ਸਮਝਾ ਦੇ ।

ਬਾਰਸ਼: ਸਤਰੰਗੀ ਪੀਂਘ ਚੰਗੇ ਭਵਿੱਖ ਦੀ ਆਸ ਦਾ ਚਿੰਨ੍ਹ ਹੈ। ਜਦੋਂ ਵੀ ਬਾਰਸ਼ ਧਰਤੀ ਨੂੰ ਧੋਂਦੀ ਹੈ, ਅੰਬਰ ਵਿਚ ਸਤਰੰਗੀ ਪੀਂਘ ਪ੍ਰਗਟ ਹੋ ਜਾਂਦੀ ਹੈ। ਇਹ ਲੋਕਾਂ ਨੂੰ ਆਪਸੀ ਪਿਆਰ, ਸਾਂਝੀਵਾਲਤਾ, ਸ਼ਾਂਤੀ ਤੇ ਖੁਸ਼ੀ ਦਾ ਸੁਨੇਹਾ ਦਿੰਦੀ ਹੈ।

ਮਾਂ-ਕੁਦਰਤ: (ਸਾਰੇ ਰੰਗਾਂ ਨੂੰ ਮੁਖ਼ਾਤਿਬ ਹੋ ਕੇ) ਸਤਰੰਗੀ ਪੀਂਘ ਦੇ ਰੂਪ ਵਿਚ ਲੋਕ ਤੁਹਾਨੂੰ ਹਮੇਸ਼ਾਂ ਯਾਦ ਰੱਖਣਗੇ। ਤੁਸੀਂ ਉਨ੍ਹਾਂ ਨੂੰ ਹਮੇਸ਼ਾਂ ਰਲ-ਮਲ ਕੇ ਰਹਿਣ ਦਾ ਸੁਨੇਹਾ ਦਿੰਦੇ ਰਹੋਗੇ। ਇਹੋ ਹੀ ਤੁਹਾਡੀ ਮਹਾਨਤਾ ਹੈ।

(ਸਾਰੇ ਰੰਗ ਖੁਸ਼ ਹੋ ਜਾਂਦੇ ਹਨ।)

(ਮਾਂ-ਕੁਦਰਤ ਅਤੇ ਬਾਰਸ਼ ਗਿਰਦ ਘੇਰਾ ਬਣਾ, ਇਕ ਦੂਜੇ ਦਾ ਹੱਥ ਫੜ ਉਹ ਗਾਉਂਦੇ ਹਨ।)

ਕੁਦਰਤ ਸਾਡੀ ਮਾਂ ਹੈ, ਕੁਦਰਤ ਸਾਡੀ ਜਾਨ।

ਇਸ ਦੇ ਸੁਹਣੇ ਰੰਗਾਂ ਵਿਚ, ਕੁਲ ਜਹਾਂ ਦੀ ਸ਼ਾਨ।

ਰੰਗ ਬਰੰਗੇ ਮੌਸਮ ਇਸ ਦੇ, ਅਲਬੇਲੀ ਪਹਿਚਾਨ।

ਸੱਤਰੰਗੀ ਪੀਂਘ ਬਣ, ਸਜਾਈਏ ਕੁਲ ਜਹਾਨ।

ਬਾਰਸ਼ ਮਾਂ ਨੇ ਸੱਭ ਨੂੰ, ਦਿੱਤਾ ਇਹ ਫੁਰਮਾਨ।

ਰਲ-ਮਿਲ ਜੀਵਨ ਜੀਵਣਾ, ਅੰਦਰ ਇਸ ਜਹਾਨ।

ਕੁਦਰਤ ਸਾਡੀ ਮਾਂ ਹੈ, ਕੁਦਰਤ ਸਾਡੀ ਜਾਨ।

ਇਸ ਦੇ ਸੁਹਣੇ ਰੰਗਾਂ ਵਿਚ, ਕੁਲ ਜਹਾਂ ਦੀ ਸ਼ਾਨ।

ਪਰਦਾ ਗਿਰਦਾ ਹੈ।

ਡਾ: ਦੇਵਿੰਦਰ ਪਾਲ ਸਿੰਘ (ਉਰਫ਼ ਡਾ. ਡੀ. ਪੀ. ਸਿੰਘ) ਪੰਜਾਬੀ ਵਿਗਿਆਨ ਲੇਖਕ ਹੈ, ਜੋ ਪੇਸ਼ੇ ਤੋਂ ਅਧਿਆਪਕ ਹੈ। ਇੱਕ ਭੌਤਿਕ ਵਿਗਿਆਨੀ ਹੋਣ ਕਰਕੇ, ਉਹ ਆਪਣੇ ਪਾਠਕਾਂ ਦੀ ਉਤਸੁਕਤਾ ਨੂੰ ਵਧਾਉਣ ਲਈ ਵਿਗਿਆਨ ਅਤੇ ਵਾਤਾਵਰਣ ਬਾਰੇ ਕਹਾਣੀਆਂ ਲਿਖਣਾ ਪਸੰਦ ਕਰਦਾ ਹੈ। ਉਹ ਆਮ ਪਾਠਕਾਂ ਲਈ ਵਿਗਿਆਨ ਗਲਪ ਕਹਾਣੀਆਂ ਦੇ ਦੋ ਸੰਗ੍ਰਹਿ ਅਤੇ ਬੱਚਿਆਂ ਲਈ ਚਾਰ ਵਿਗਿਆਨ ਗਲਪ ਪੁਸਤਕਾਂ ਦਾ ਲੇਖਕ ਹੈ। ਉਹ ਮਿਸੀਸਾਗਾ, ਓਨਟੈਰੀਓ, ਕੈਨੇਡਾ ਵਿੱਚ ਰਹਿੰਦਾ ਹੈ।

ਵੈਬਸਾਈਟ : drdpsinghauthor.wordpress.com

ਈ-ਮੇਲ : drdpsn@gmail.com

ਭੁਲਾਵੇਂ ਅੱਖਰ: ਜੇ ਤੁਸੀਂ ਕਿਸੇ ਖੇਲ੍ਹ ਵਿੱਚ ਪਰਿਪੱਕ ਹੋਣਾ ਹੈ ਤਾਂ ਮੈਦਾਨ ਵਿੱਚ ਅਭਿਆਸ ਕਰਦੇ ਹੋਏ ਰੁਕਾਵਟਾਂ ਪੈਦਾ ਕਰੋ, ਮੁਸ਼ਕਲਾਂ ਬਣਾਓ ਤੇ ਉਹਨਾਂ ਨੂੰ ਪਾਰ ਕਰੋ। ਬ੍ਰਾਜ਼ੀਲ ਦੇ ਖਿਡਾਰੀ ਫੁੱਟਬਾਲ ਵਿੱਚ ਚੈਂਪੀਅਨ ਹਨ, ਕਿਉਂਕਿ ਉਹ ਫੁੱਟਬਾਲ ਦਾ ਅਭਿਆਸ, ਹੁਸ਼ਿਆਰੀ ਨਾਲ਼ ਕਿਸੇ ਛੋਟੇ ਹਾਲ (ਫੁੱਟਬਾਲ ਦੇ ਮੈਦਾਨ ਤੋਂ ਕਾਫ਼ੀ ਛੋਟਾ) ਦੇ ਅੰਦਰ ਰੁਕਾਵਟਾਂ ਲਗਾ ਕੇ, ਛੋਟੀ ਤੇ ਸਖ਼ਤ ਗੇਂਦ ਨਾਲ਼ ਖੇਲ੍ਹਦੇ ਹਨ, ਜਿਸਨੂੰ ਕਿ ਫੁੱਟਸਾਲ ਆਖਦੇ ਹਨ। ਜਿਸਦਾ ਮਕਸਦ ਰੌਚਿਕ ਤੇ ਰਚਨਾਤਮਕ ਤਰੀਕੇ ਨਾਲ਼ ਖਿਡਾਰੀਆਂ ਦੀ ਖੇਡ ਤਕਨੀਕ ਦਾ ਸੁਧਾਰ ਕਰਨਾ ਹੁੰਦਾ ਹੈ।

ਇਟਲੀ ਦੇ ਲੇਖਕ ਕਾਰਲੋ ਕੋਲੋਡੀ ਦੀ ਸ਼ਾਹਕਾਰ ਰਚਨਾ ਵਿਚ ਪਿਨੋਕੀਓ ਜਦੋਂ ਝੂਠ ਬੋਲਦਾ ਹੈ ਤਾਂ ਉਸਦਾ ਨੱਕ ਵੱਡਾ ਹੋ ਜਾਂਦਾ ਹੈ।

ਇੱਕ ਪਰੀ ਉਸਦੇ ਝੂਠ ਨੂੰ ਵੇਖ ਕੇ ਹੱਸਦੀ ਹੈ ਤੇ ਉਸਨੂੰ ਦੱਸਦੀ ਹੈ ਕਿ ਉਹ ਝੂਠ ਬੋਲ ਰਿਹਾ ਹੈ।

'ਤੂੰ ਕਿਵੇਂ ਕਹਿ ਸਕਦੀ ਏਂ ਕਿ ਮੈਂ ਝੂਠ ਬੋਲ ਰਿਹਾ ਹਾਂ।'

'ਝੂਠ! ਮੇਰੇ ਬੱਚੇ ਝੱਟ ਪਹਿਚਾਣਿਆ ਜਾਂਦਾ ਹੈ। ਝੂਠ ਦੋ ਤਰ੍ਹਾਂ ਦੇ ਹੁੰਦੇ ਹਨ - ਛੋਟੀਆਂ ਲੱਤਾਂ ਵਾਲੇ ਤੇ ਲੰਬੇ ਨੱਕ ਵਾਲੇ। ਤੇਰਾ ਝੂਠ ਲੰਬੇ ਨੱਕ ਵਾਲਾ ਹੈ।'

ਸ਼ਰਮਿੰਦਾ ਹੋਇਆ ਪਿਨੋਕੀਓ ਕਮਰੇ ਤੋਂ ਬਾਹਰ ਦੌੜਿਆ ਪਰ ਉਸਦਾ ਨੱਕ ਇੱਡਾ ਵੱਡਾ ਹੋ ਚੁੱਕਾ ਸੀ ਕਿ ਉਹ ਦਰਵਾਜ਼ੇ ਵਿਚ ਹੀ ਫਸ ਗਿਆ।

ਕੀ ਤੁਸੀਂ ਜਾਣਦੇ ਹੋ ਕਿ ਜਦੋਂ ਅਸੀਂ ਝੂਠ ਬੋਲਦੇ ਹਾਂ ਤਾਂ ਸਾਡਾ ਨੱਕ ਸੱਚਮੁੱਚ ਵੱਡਾ ਹੋ ਜਾਂਦਾ ਹੈ!

ਇੱਕ ਖੋਜ* ਅਨੁਸਾਰ ਵਿਗਿਆਨਕਾਂ ਨੇ ਲੱਭਿਆ ਹੈ ਕਿ ਖੋਜ ਕਾਰਜ ਵਿਚ ਹਿੱਸਾ ਲੈਣ ਵਾਲਿਆਂ ਨੇ ਝੂਠ ਬੋਲਿਆ ਤਾਂ ਉਹਨਾਂ ਦੇ ਨੱਕਾਂ ਦਾ ਤਾਪਮਾਨ ਵਧ ਗਿਆ, ਅਜਿਹਾ ਇਸ ਕਰਕੇ ਹੋਇਆ ਕਿ ਦਿਮਾਗ਼ ਦਾ ਇੱਕ ਹਿੱਸਾ ਜਿਸਨੂੰ ਇੰਸੁਲਾ ਕਹਿੰਦੇ ਹਨ, ਕਿਰਿਆਸ਼ੀਲ ਹੋ ਗਿਆ। ਇੰਸੁਲਾ ਭਾਵਨਾਵਾਂ ਤੇ ਤਾਪਮਾਨ ਨੂੰ ਕਾਬੂ ਵਿਚ ਰੱਖਦਾ ਹੈ।

ਇਸਤੋਂ ਵਿਗਿਆਨਕਾਂ ਨੇ ਇਹ ਸਿੱਟਾ ਕੱਢਿਆ ਕਿ ਝੂਠ ਬੋਲਣਾ = ਬੇਚੈਨੀ = ਪਿਨੋਕੀਓ ਪ੍ਰਭਾਵ!

* https://onlinelibrary.wiley.com/doi/10.1002/jip.1505

ਸ਼ੁੱਕਰ ਗ੍ਰਹਿ 'ਤੇ ਆਕਸੀਜਨ

ਪੇਸ਼ਕਸ਼ - ਅਮਨਦੀਪ ਸਿੰਘ

ਸ਼ੁੱਕਰ ਗ੍ਰਹਿ ਭਾਵੇਂ ਸਾਡੀ ਧਰਤੀ ਵਰਗਾ ਹੀ ਹੈ, ਪਰ ਇਸਦਾ ਸੰਘਣਾ ਵਾਯੂਮੰਡਲ ਜੋ ਕਿ ਕਾਰਬਨ ਡਾਈਆਕਸਾਈਡ ਤੇ ਸਲਫਰ ਦਾ ਮਿਸ਼ਰਣ ਹੈ, ਗਰੀਨ ਹਾਊਸ ਪ੍ਰਭਾਵ ਪੈਦਾ ਕਰਦਾ ਹੈ ਜਿਸ ਕਰਕੇ ਗਰਮੀ ਬਾਹਰ ਪੁਲਾੜ ਵੱਲ ਨਹੀਂ ਨਿੱਕਲ ਸਕਦੀ, ਤੇ ਇਸ ਤਰ੍ਹਾਂ ਉਹ ਸੂਰਜ ਮੰਡਲ ਦਾ ਸਭ ਤੋਂ ਗਰਮ ਗ੍ਰਹਿ ਹੈ, ਤਕਰੀਬਨ 475 ਡਿਗਰੀ ਸੈਲਸੀਅਸ। ਉਹ ਆਪਣੀ ਧੁਰੀ ਦੁਆਲੇ ਪ੍ਰਿਥਵੀ ਤੋਂ ਉਲਟਾ ਘੁੰਮਦਾ ਹੈ, ਸੂਰਜ ਪੱਛਮ ਵਲੋਂ ਚੜ੍ਹਦਾ ਹੈ ਤੇ ਉਸਦਾ ਦਿਨ ਉਸਦੇ ਸਾਲ ਤੋਂ ਵੱਡਾ ਹੁੰਦਾ ਹੈ। ਇੱਕ ਦਿਨ ਪ੍ਰਿਥਵੀ ਦੇ 243 ਦਿਨ ਤੇ ਇੱਕ ਸਾਲ ਪ੍ਰਿਥਵੀ ਦੇ 225 ਦਿਨ ਜਿੱਡਾ ਹੁੰਦਾ ਹੈ। ਹੋ ਸਕਦਾ ਹੈ ਅਰਬਾਂ ਸਾਲ ਪਹਿਲਾਂ ਉਹ ਜੀਵਨ ਦੇ ਯੋਗ ਹੋਵੇ ਕਿਉਂਕਿ ਉਹ ਸੂਰਜ ਦੇ ਗੋਲਡੀਲੌਕਸ ਖੇਤਰ ਵਿਚ ਹੈ। ਉੱਥੇ ਜੀਵਨ ਲਈ ਸਾਰੇ ਜ਼ਰੂਰੀ ਤੱਤ ਹਨ ਪਰ ਉੱਥੇ ਅਜੇ ਤੱਕ ਜੀਵਨ ਦੀ ਹੋਂਦ ਦੇ ਸਬੂਤ ਨਹੀਂ ਲੱਭੇ। ਵਿਗਿਆਨੀ ਉਸਦਾ ਅਧਿਐਨ ਕਰਕੇ ਇਹ ਸਮਝਣ ਦੀ ਕੋਸ਼ਿਸ਼ ਕਰ ਰਹੇ ਹਨ ਕਿ ਸਾਡਾ ਗੁਆਂਢੀ ਗ੍ਰਹਿ ਦੂਜੇ ਪਾਸੇ ਕਿਓਂ ਟੁਰ ਗਿਆ? ਇਸ ਤਰ੍ਹਾਂ ਸਾਨੂੰ ਪਤਾ ਲੱਗ ਸਕਦਾ ਹੈ ਕਿ ਦੂਜੀਆਂ ਧਰਤੀਆਂ ਨੂੰ ਚੰਗੇਰਾ ਕਿਵੇਂ ਬਣਾਇਆ ਜਾ ਸਕਦਾ ਹੈ।

....ਤੇ ਹੁਣ ਨਾਸਾ ਤੇ ਜਰਮਨ ਵਿਗਿਆਨੀਆਂ ਨੇ ਉੱਥੇ ਐਟੋਮਿਕ (ਪ੍ਰਮਾਣੂ) ਆਕਸੀਜਨ ਲੱਭੀ ਹੈ ਜੋ ਕਿ ਉਸਦੇ ਦਿਨ ਤੇ ਰਾਤ ਦੋਵੇਂ ਪਾਸਿਆਂ ਵਿਚ ਮੌਜੂਦ ਹੈ। ਪ੍ਰਮਾਣੂ ਆਕਸੀਜਨ, ਅਣੂ (Molecular) ਆਕਸੀਜਨ, ਜਿਸ ਵਿਚ ਅਸੀਂ ਸਾਹ ਲੈਂਦੇ ਹਨ, ਦੇ ਮੁਕਾਬਲੇ ਅਤਿ ਕਿਰਿਆਸ਼ੀਲ ਹੁੰਦੀ ਹੈ। ਪ੍ਰਮਾਣੂ ਆਕਸੀਜਨ ਵਿਚ ਸਿਰਫ ਇੱਕ ਪ੍ਰਮਾਣੂ ਹੀ ਹੁੰਦਾ ਹੈ ਦੋ ਨਹੀਂ। ਸੂਰਜ ਦੀ ਰੌਸ਼ਨੀ ਨਾਲ਼ ਕਾਰਬਨ ਡਾਈਆਕਸਾਈਡ ਤੇ ਕਾਰਬਨ ਮੋਨੋਆਕਸਾਈਡ ਟੁੱਟ ਕੇ ਪ੍ਰਮਾਣੂ ਆਕਸੀਜਨ ਵਿਚ ਤਬਦੀਲ ਹੁੰਦੀ ਹੈ।

ਤੁਸੀਂ ਸ਼ੁੱਕਰ ਵਾਰੇ ਹੋਰ ਜਾਣਕਾਰੀ ਲਈ ਹੇਠਾਂ ਦਿੱਤੇ ਲਿੰਕ 'ਤੇ ਲੈ ਸਕਦੇ ਹੋ:

1. https://spaceplace.nasa.gov/all-about-venus/en/ 2. https://science.nasa.gov/venus/

ਸ਼ੁੱਕਰ ਤਾਰਾ

ਡਾ: ਜਸਬੀਰ ਸਿੰਘ ਸਰਨਾ

ਬੱਚਿਓ,
ਸ਼ੁੱਕਰ ਤਾਰਾ
ਸ਼ਾਮ ਦਾ ਤਾਰਾ !
ਸਵੇਰ ਦਾ ਤਾਰਾ !!
ਅੱਗ ਦਾ ਗੋਲਾ ਜਿਹਾ
ਗੈਸਾਂ ਅਤੇ ਬਦਲਾਂ ਵਿਚ ਘਿਰਿਆ
ਵੀਨਸ ਗ੍ਰਹਿ ਹੈ।
ਸਾਡੀ ਧਰਤੀ ਦੇ ਵੀਰ ਸਮਾਨ
ਚੱਟਾਨਾਂ ਵਰਗਾ !
ਧਾਤ ਵਰਗਾ !
ਤੁੱਛ ਜਲ-ਗੈਸ ਗ੍ਰਹਿ ਮਹਿਮਾਨ।

ਬਿਨਾ ਕਿਸੇ ਚੰਦ ਦੇ
ਸੂਰਜ ਦੀ ਆਰਤੀ ਕਰਦਾ
ਅੰਤਾਂ ਦਾ ਗਰਮ ਹੈ।
ਨਿੱਤ ਗੰਧਕ ਤੇ ਤੇਜ਼ਾਬ ਦੀ ਬਾਰਸ਼ ਨਾਲ
ਜਵਾਲਾਮੁਖੀ ਝੂਮਦੇ।
ਬਿਜਲੀਆਂ ਤੇ ਆਫਤਾਂ ਨਾਲ ਸਰਸ਼ਾਰ
ਹੁਸਨ-ਇਸ਼ਕ ਦੀ ਦੇਵੀ ਆਖਦੀ -
ਨਰਕਾਂ ਦਾ ਬਸੇਰਾ !
ਇਹ ਸ਼ੁੱਕਰ ਤਾਰਾ !
ਇਹ ਸ਼ੁੱਕਰ ਤਾਰਾ!!

ਸਤਰੰਗੀ ਪੀਂਘ

-ਵਿਕਾਸ ਵਰਮਾ

ਵਰਖਾ ਪੈਣ ਦੇ ਮਗਰੋਂ ਜੇ ਸੂਰਜ ਨਿੱਕਲ ਆਵੇ
ਮੌਜੂਦ ਹਵਾ ਵਿਚ ਬੂੰਦਾਂ ਉੱਤੇ ਆਪਣੀ ਰੌਸ਼ਨੀ ਪਾਵੇ
ਹਰ ਪਾਣੀ ਦੀ ਬੂੰਦ, ਪ੍ਰਿਜ਼ਮ ਦਾ ਰੂਪ ਅਪਣਾਵੇ
ਬੂੰਦ ਨਾਲ਼ ਟਕਰਾ ਕੇ, ਕਿਰਨ ਸੱਤ ਰੰਗੀ ਹੋ ਜਾਵੇ
ਸੂਰਜ ਵੱਲ ਨੂੰ ਪਿੱਠ ਕਰਕੇ, ਵੇਖੀਏ ਜੇ ਅਸਮਾਨ
ਸੱਤ ਰੰਗਾਂ 'ਚ ਕਦੇ ਨਹੀਂ ਪੈਂਦਾ, ਨੰਬਰ ਦਾ ਘਸਮਾਣ
ਬੈਂਗਣੀ, ਅਸਮਾਨੀ, ਨੀਲਾ, ਤੇ ਰੰਗ ਹਰ ਆਉਂਦੇ ਨਜ਼ਰੀਂ ਅੰਬਰ
ਪੀਲੇ, ਸੰਤਰੀ ਤੇ ਰੰਗ ਲਾਲ ਦਾ, ਉਨ੍ਹਾਂ ਦੇ ਮਗਰੋਂ ਨੰਬਰ
ਮਿਲ਼ ਕੇ ਵੀ ਇਹ ਸਭ ਰੰਗ ਰਹਿੰਦੇ ਨੇ ਇਕੱਲੇ
ਲਾਲ ਸਭ ਤੋਂ ਉੱਪਰ ਤੇ ਬੈਂਗਣੀ ਪੀਂਘ ਦੇ ਥੱਲੇ
ਸਜਾ ਕੇ ਅੰਬਰ 'ਸਤਰੰਗੀ ਪੀਂਘ' ਸਭ ਦੇ ਮਨ ਨੂੰ ਭਾਵੇ
'ਵਿਬਗਿਓਰ' ਦੇ ਨਾਂ ਤੋਂ ਵੀ 'ਪੀਂਘ' ਇਹ ਜਾਣੀ ਜਾਵੇ।

ਵਿਬਗਿਓਰ - VIBGYOR





ਅਮਨਦੀਪ ਸਿੰਘ

ਜੇ ਮੈਂ ਅਦਿੱਖ ਹੋ ਜਾਵਾਂ
ਕਿਸੇ ਨੂੰ ਨਜ਼ਰ ਨਾ ਆਵਾਂ!
ਛੂ-ਮੰਤਰ ਹੋ ਜਾਵਾਂ
ਅਲਖ ਨਿਰੰਜਨ* ਕਹਾਵਾਂ।

ਜਦ ਸੈਰ ਕਰਨ ਜਾਵਾਂ
ਲੋਕਾਂ ਦੇ ਕੋਲ਼ ਖਲੋ
ਉਹਨਾਂ ਦੀਆਂ ਗੱਲਾਂ ਸੁਣਕੇ
ਆਪਣਾ ਮਨ ਪਰਚਾਵਾਂ।

ਸਿਨਮਾ ਹਾਲ ਜਾਵਾਂ
ਟਿਕਟ ਲੈਣ ਦੀ ਲੋੜ ਨਹੀਂ
ਕਈ ਫ਼ਿਲਮਾਂ ਦੇਖਾਂ
ਨੱਚਾਂ-ਕੁੱਦਾਂ-ਹੱਸਾਂ-ਗਾਵਾਂ!

* ਅਲਖ – ਅਦਿੱਖ

* ਨਿਰੰਜਨ - ਮਾਇਆ ਤੋਂ ਰਹਿਤ

ਜੇ ਤੁਸੀਂ ਆਪਣੇ ਬੱਚਿਆਂ ਨੂੰ ਸੁਝਵਾਨ ਬਣਾਉਣਾ ਚਾਹੁੰਦੇ ਹੋ ਤਾਂ ਉਹਨਾਂ ਨੂੰ ਪਰੀ ਕਥਾਵਾਂ ਪੜ੍ਹ ਕੇ ਸੁਣਾਓ। ਜੇ ਤੁਸੀਂ ਉਹਨਾਂ ਨੂੰ ਹੋਰ ਵੀ ਸੁਝਵਾਨ ਬਣਾਉਣਾ ਚਾਹੁੰਦੇ ਹੋ ਤਾਂ ਉਹਨਾਂ ਨੂੰ ਹੋਰ ਜ਼ਿਆਦਾ ਪਰੀ ਕਥਾਵਾਂ ਪੜ੍ਹ ਕੇ ਸੁਣਾਓ।
- ਐਲਬਰਟ ਆਈਨਸਟਾਈਨ

PunjabiKids.org

ਪੰਜਾਬੀ ਬੱਚਿਆਂ ਨੂੰ ਸਮਰਪਿਤ ਵੈੱਬਸਾਈਟ, ਜਿੱਥੇ ਤੁਸੀਂ ਬੱਚਿਆਂ ਲਈ ਕਵਿਤਾਵਾਂ, ਕਹਾਣੀਆਂ ਅਤੇ ਹੋਰ ਰਚਨਾਵਾਂ ਪੜ੍ਹ ਸਕਦੇ ਹੋ।

ਸਾਇੰਸ ਫਿਕਸ਼ਨ ਨੂੰ ਹਕੀਕਤ ਬਣਾਉਂਦੀਆਂ

ਵਿਗਿਆਨ ਦੀਆਂ ਤਾਜ਼ਾ ਖ਼ਬਰਾਂ

ਸਿਕਲ ਸੈੱਲ ਬਿਮਾਰੀ ਠੀਕ ਕਰਨ ਲਈ ਜੀਨਜ਼ ਸੰਪਾਦਿਤ ਕਰਨ ਵਾਲ਼ੀ ਤਕਨੀਕ ਨੂੰ ਮਾਨਤਾ



ਅਮਰੀਕਾ ਦੀ ਫੂਡ ਐਂਡ ਡਰੱਗਜ਼ ਐਡਮਿਨਿਸਟ੍ਰੇਸ਼ਨ (FDA) ਨੇ ਸਿਕਲ ਸੈੱਲ (ਲਾਲ ਖ਼ੂਨ ਕੋਸ਼ਿਕਾਵਾਂ) ਬਿਮਾਰੀ ਨੂੰ ਠੀਕ ਕਰਨ ਲਈ ਮਨੁੱਖੀ ਜੀਨਜ਼ ਸੰਪਾਦਿਤ ਕਰਨ ਵਾਲੀ ਤਕਨੀਕ ਵਾਲ਼ੇ ਇਲਾਜ ਨੂੰ ਮਾਨਤਾ ਦੇ ਦਿੱਤੀ ਹੈ, ਜੋ ਕਿ ਕ੍ਰਿਸਪਰ (CRISPR) ਤਕਨੀਕ ਨੂੰ ਵਰਤੇਗੀ। ਇਹ ਇੱਕ ਬਹੁਤ ਮਹੱਤਵਪੂਰਣ ਤੇ ਦਲੇਰ ਫੈਸਲਾ ਹੈ ਜਿਸਨੇ ਜੀਨਜ਼ ਸੰਪਾਦਨਾ ਕਰਨ ਵਾਲੀਆਂ ਤਕਨੀਕਾਂ ਲਈ ਇੱਕ ਨਵਾਂ ਦੌਰ ਸ਼ੁਰੂ ਕਰ ਦਿੱਤਾ ਹੈ। ਕ੍ਰਿਸਪਰ ਦੀ ਵਰਤੋਂ ਕਰਕੇ ਬਿਮਾਰੀ ਦੇ ਜੀਨਜ਼ ਨੂੰ ਕੱਟ ਦਿੱਤਾ ਜਾਵੇਗਾ ਤੇ ਮਰੀਜ਼ ਵਿਚ ਦੁਬਾਰਾ ਪ੍ਰਤੀਰੋਪ ਕਰ ਦਿੱਤਾ ਜਾਵੇਗਾ ਜਿੱਥੇ ਉਹ ਬੋਨ ਮੈਰੋ ਨਾਲ਼ ਜੁੜ ਕੇ ਭਰੂਣ ਹੀਮੋਗਲੋਬਨ (ਇੱਕ ਤਰ੍ਹਾਂ ਹੀਮੋਗਲੋਬਨ ਜੋ ਕਿ ਆਕਸੀਜਨ ਦਾ ਸੰਚਾਰ ਕਰਦਾ ਹੈ) ਦਾ ਉਤਪਾਦਨ ਵਧਾ ਦੇਣਗੇ ਜੋ ਕਿ ਸਿਕਲ ਸੈੱਲ ਬਿਮਾਰੀ ਨੂੰ ਠੀਕ ਕਰਨ ਵਿਚ ਮਦਦ ਕਰਨਗੇ। ਪਰ ਇਹ ਤਕਨੀਕ ਅਜੇ ਬਹੁਤ ਮਹਿੰਗੀ ਹੈ - ਕਰੋੜਾਂ ਅਮਰੀਕਨ ਡਾਲਰ ਦਾ ਖਰਚਾ ਜੋ ਕਿ ਆਮ ਮਰੀਜ਼ ਦੇ ਬੱਸ ਦੀ ਗੱਲ ਨਹੀਂ ਹੈ!

ਨਾਸਾ ਦੀ ਜੇਮਜ਼ ਵੈੱਬ ਤੇ ਹੱਬਲ ਦੂਰਬੀਨ ਨੇ ਮਿਲ਼ ਕੇ ਬ੍ਰਹਿਮੰਡ ਦਾ ਰੰਗਦਾਰ ਚਿੱਤਰ ਬਣਾਇਆ

ਨਾਸਾ ਦੀ ਜੇਮਜ਼ ਵੈੱਬ ਤੇ ਹੱਬਲ ਦੂਰਬੀਨ ਨੇ ਇਕੱਠੇ ਹੋ ਕੇ ਵਿਸਤ੍ਰਿਤ ਅਕਾਸ਼ਗੰਗਾ ਸਮੂਹ MACS0416 ਦਾ ਅਧਿਐਨ ਕੀਤਾ ਤੇ ਇਨਫਰਾਰੈੱਡ ਤੇ ਪਰਤੱਖ ਸਪੈਕਟ੍ਰਮ ਨੂੰ ਜੋੜ ਕੇ ਬ੍ਰਹਿਮੰਡ ਦਾ ਹੁਣ ਤੱਕ ਦਾ ਸਭ ਤੋਂ ਵਿਸਥਾਰਪੂਰਵਕ ਤੇ ਖੂਬਸੂਰਤ ਚਿੱਤਰ ਬਣਾਇਆ। ਧਰਤੀ ਤੋਂ 4.3 ਅਰਬ ਪ੍ਰਕਾਸ਼ ਵਰ੍ਹੇ ਦੂਰ, MACS0416 ਇੱਕ ਦੂਜੇ ਨਾਲ਼ ਟਕਰਾ ਰਹੀਆਂ ਦੋ ਅਕਾਸ਼ਗੰਗਾਵਾਂ ਦਾ ਜੋੜਾ ਹੈ, ਜੋ ਕਿ ਅੰਤ ਨੂੰ ਇੱਕ ਹੋ ਜਾਣਗੀਆਂ ਤੇ ਹੋਰ ਵੱਡਾ ਸਮੂਹ ਬਣਾਉਣਗੀਆਂ। ਚਿੱਤਰ ਵਿਚ ਨੀਲੇ ਰੰਗ ਦੀਆਂ ਅਕਾਸ਼ਗੰਗਾਵਾਂ ਨੇੜੇ ਹਨ ਜੋ ਕਿ ਹੱਬਲ ਦੂਰਬੀਨ ਆਸਾਨੀ ਨਾਲ਼ ਦੇਖ ਸਕਦੀ ਹੈ ਤੇ ਲਾਲ ਰੰਗ ਦੀਆਂ ਅਕਾਸ਼ਗੰਗਾਵਾਂ ਦੂਰ ਹਨ ਜੋ ਕਿ ਜੇਮਜ਼ ਵੈੱਬ ਦੂਰਬੀਨ ਵਧੀਆ ਦੇਖ ਸਕਦੀ ਹੈ।

ਯੂਕਲਿਡ ਦੂਰਬੀਨ ਦੇ ਪਹਿਲੇ ਮੰਤਰਮੁਗਧ ਕਰਨ ਵਾਲ਼ੇ ਚਿੱਤਰ

ਯੂਰੋਪੀਅਨ ਸਪੇਸ ਏਜੰਸੀ ਵਲੋਂ ਪੁਲਾੜ ਵਿਚ ਲਾਂਚ ਕੀਤੀ ਗਈ ਯੂਕਲਿਡ ਦੂਰਬੀਨ ਨੇ ਆਪਣੇ ਪਹਿਲੇ ਸ਼ਾਨਦਾਰ ਚਿੱਤਰ ਭੇਜੇ ਹਨ। ਇਹ ਦੂਰਬੀਨ ਜੁਲਾਈ 2023 ਵਿਚ ਪੁਲਾੜ ਦੇ ਤੀਜੇ ਹਿੱਸੇ ਦਾ ਵਿਸਥਾਰਪੂਰਵਕ ਨਕਸ਼ਾ ਬਣਾਉਣ ਲਈ ਲਾਂਚ ਕੀਤੀ ਗਈ ਸੀ, ਜਿਸ ਨਾਲ਼ ਪੁਲਾੜ ਵਿਗਿਆਨੀ ਇਹ ਸਮਝਣ ਦੀ ਕੋਸ਼ਿਸ਼ ਕਰਨਗੇ ਕਿ ਰਹੱਸਮਈ ਕਾਲ਼ੇ ਮਾਦੇ ਤੇ ਊਰਜਾ ਨੇ ਮੁੱਢਲੇ ਬ੍ਰਹਿਮੰਡ ਦੀ ਬਣਤਰ ਉੱਤੇ ਕਿੰਨਾ ਕੁ ਪ੍ਰਭਾਵ ਪਾਇਆ? ਜੇਮਜ਼ ਵੈੱਬ ਤੇ ਹੱਬਲ ਦੂਰਬੀਨਾਂ ਪੁਲਾੜ ਦੇ ਥੋੜ੍ਹੇ ਹਿੱਸੇ ਦਾ ਅਧਿਐਨ ਕਰਦੀਆਂ ਹਨ ਪਰ ਯੂਕਲਿਡ ਅਨੰਤ ਬ੍ਰਹਿਮੰਡ ਦੇ ਅਤਿ ਵਿਸ਼ਾਲ ਹਿੱਸੇ ਦਾ ਅਧਿਐਨ ਕਰੇਗੀ। ਚਿੱਤਰ ਵਿਚ ਤੁਸੀਂ ਕੁੰਡਲੀਦਾਰ (Spiral) ਅਕਸ਼ਗੰਗਾ IC 342 ਵੇਖ ਰਹੇ ਹੋ।

ਚੀਨੀ ਵਿਗਿਆਨੀਆਂ ਨੇ ਦੋ ਅੱਲਗ ਡੀਐੱਨਏ ਮਿਲ਼ਾਕੇ ਇੱਕ ਕਾਇਮਰਿਕ ਬਾਂਦਰ ਬਣਾਇਆ



ਸੈੱਲ ਜਰਨਲ, CNN ਤੇ ਹੋਰ ਮੈਗਜ਼ੀਨਾਂ ਵਿਚ ਪ੍ਰਕਾਸ਼ਿਤ ਇੱਕ ਰਿਪੋਰਟ ਦੇ ਅਨੁਸਾਰ ਚੀਨ ਵਿਚ ਵਿਗਿਆਨੀਆਂ ਨੇ ਇੱਕ ਮੈਕਾਕ (ਅਫਰੀਕਨ ਲੰਗੂਰ ਪ੍ਰਜਾਤੀ ਜਿਸਨੂੰ ਕਿ ਖੋਜ ਦੇ ਕਾਰਜਾਂ ਵਿਚ ਕਾਫ਼ੀ ਵਰਤਿਆ ਜਾਂਦਾ ਹੈ) ਦੇ ਸਟੈੱਮ ਸੈੱਲ ਤੇ ਉਸੇ ਪ੍ਰਜਾਤੀ ਦਾ ਅਨੁਵੰਸ਼ਕ ਤੌਰ 'ਤੇ ਅਲੱਗ ਭਰੂਣ ਲੈ ਕੇ ਇੱਕ ਬਾਂਦਰ ਨੂੰ ਪੈਦਾ ਕੀਤਾ ਜੋ ਕਿ ਦਸ ਦਿਨ ਤੱਕ ਜਿੰਦਾ ਰਿਹਾ। ਇਹ ਖੋਜ ਕਾਰਜ ਜੈਨੇਟਿਕ ਇੰਜਨੀਅਰਿੰਗ ਤੇ ਕਾਫ਼ੀ ਪ੍ਰਭਾਵਸ਼ਾਲੀ ਸਿੱਧ ਹੋਵੇਗਾ। ਕਾਇਮਰਿਕ ਨਾਮ ਯੂਨਾਨੀ ਮਿਥਿਹਾਸਿਕ ਦੇ ਕਾਇਮਰਾ ਜੀਵ ਤੋਂ ਲਿਆ ਗਿਆ ਹੈ ਜੋ ਕਿ ਅੱਧਾ ਸ਼ੇਰ ਤੇ ਅੱਧਾ ਬੱਕਰਾ ਸੀ। ਵਿਗਿਆਨਕਾਂ ਨੇ 1960 ਵਿਚ ਸਭ ਤੋਂ ਪਹਿਲਾਂ ਕਾਇਮਰਿਕ ਚੂਹਾ ਪੈਦਾ ਕੀਤਾ ਸੀ।